AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਜਿਲਦ ੨੪ | ਅਗਸਤ 2023 | ਸਾਵਣ-ਭਾਦਰੋਂ 555 ਨਾਨਕਸ਼ਾਹੀ | August 2023 | ਅੰਕ 8

## ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 12.08.2023 ਤੋਂ ਲੈ ਕੇ 15.08.2023 ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ ਵੱਲੋਂ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੇ ਕਿ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ ਜੀ। ਸਮਾਗਮ ਦਾ ਵੇਰਵਾ ਪੰਨਾ ਨੰ. 41 ਤੇ ਵੇਖ ਲਿਆ ਜਾਵੇ ਜੀ।

# ਗੁਰ ਸਿਖਾਂ ਕੀ ਹਰਿ ਧੂੜਿ ਦੇਹਿ













ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ 145ਵਾਂ ਜਨਮ ਦਿਹਾੜਾ ਮਿਤੀ 06.07.2023 ਤੋਂ ਲੈ ਕੇ 09.07.2023 ਤਕ ਗੁਰਦੁਆਰਾ ਗੁਰਮਤ ਸੰਚਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਆਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ ਅਗਸਤ 2023 ਸਾਵਣ-ਭਾਦਰੋਂ 555 ਨਾਨਕਸ਼ਾਹੀ August 2023 ਅੰਕ 8

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– (ਸਵਰਗੀ) ਡਾ. ਤਾਰਨ ਸਿੰਘ ਜੀ*
- ਅੰਮ੍ਰਿਤ ਛਕੀਏ ਖੰਡੇਧਾਰ 6
  *– ਭਾਈ ਸੁਖਦੇਵ ਸਿੰਘ ਜਾਣੀਆ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਬਾਣੀ ਗੁਰੂ ਗੁਰੂ ਹੈ ਬਾਣੀ 9
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਪਾਉਂਟਾ ਸਾਹਿਬ ਦਾ ਸ਼ਹੀਦੀ ਸਾਕਾ 13
  *– ਭਾਈ ਰਣਧੀਰ ਸਿੰਘ ਸੰਭਲ*
- ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ 15
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸਰਬੱਤ ਖਾਲਸਾ ਜੀ ਕੀ ਅਰਦਾਸ 18
  *– ਗੁਰਪੁਰਵਾਸੀ ਪ੍ਰੋ. ਜੋਗਿੰਦਰ ਸਿੰਘ ਜੀ*
- ਨਾਨਕ ਨਾਮ ਚੜ੍ਹਦੀ ਕਲਾ 21
  *– ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ*
- ਸਿੱਖ ਹੋਇ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ ॥ 24
  *– ਗੁਰਮਤਿ ਮਿਸ਼ਨ ਸੇਵਾ ਸੁਸਾਇਟੀ*
- ਅਖੰਡ ਕੀਰਤਨੀ ਜੱਥਾ 25
- ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤ ॥ 26
  *– ਭਾਈ ਰਾਮ ਸਿੰਘ ਜੀ*
- ਮਾਤਾ ਸਾਹਿਬ ਕੌਰ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਮੰਜੀ ਸਾਹਿਬ 28
  *– ਭਾਈ ਰਮੇਸ਼ ਬੱਗਾ ਚੋਹਲਾ ਜੀ*
- ਧਰਮਰਾਇ ਦੀ ਦਰਗਾਹ 29
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਆਦਿ ਕਥਨ 32
  *– ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ.*
- ਈਸ਼ਵਰ ਦੀ ਹੋਂਦ 33
  *– ਭਾਈ ਕੁਲਦੀਪ ਸਿੰਘ ਜੀ*
- ਭਾਈ ਗੁਰਦਾਸ ਜੀ 36
  *– ਭਾਈ ਰਮੇਸ਼ ਬੱਗਾ ਚੋਹਲਾ ਜੀ*

## ਸੰਪਾਦਕੀ...

ਸਾਡੇ ਗੁਰਸਿੱਖ ਬਜ਼ੁਰਗਾਂ ਨੇ ਸਿਖ-ਅਰਦਾਸ ਵਿਚ ਚੁਣ ਚੁਣ ਕੇ ਸ਼ਬਦ ਜੋੜੇ ਹਨ। ਮਨ ਨੂੰ ਸਦਾ ਉੱਚੀ ਮਤ ਅਧੀਨ ਚੱਲਣ ਲਈ ਜਾਚਨਾ ਕੀਤੀ ਗਈ ਹੈ। ਮਨ ਚੇਤੰਨ ਅਵਸਥਾ ਵਿਚ ਆਪਣੇ ਆਲੇ-ਦੁਆਲੇ ਦੇ ਗਿਆਨ-ਵਿਗਿਆਨ ਅਤੇ ਕਈ ਪ੍ਰਕਾਰ ਦੀਆਂ ਫ਼ਿਲਾਸਫ਼ੀਆਂ ਤੋਂ ਪ੍ਰਭਾਵਤ ਹੋ ਕੇ ਘਬਰਾ ਜਾਂਦਾ ਹੈ। ਉਸ ਪਾਸ ਜਿਤਨੀ ਕੁ ਸੋਚ ਸ਼ਕਤੀ ਹੁੰਦੀ ਹੈ, ਉਸ ਅਨੁਸਾਰ ਉਹ ਨਿਰਣਾ ਲੈ ਲੈਂਦਾ ਹੈ। ਇਹ ਨਿਰਣੇ ਉਸ ਦੀ ਘਬਰਾਹਟ ਨੂੰ ਜ਼ਾਹਰ ਕਰਦੇ ਹਨ। ਉੱਚੀ ਮਤ ਗੁਰਮਤਿ ਹੈ, ਮਨ ਦੀ ਮਤ ਮਨਮਤਿ ਹੈ। ਫ਼ੁਰਮਾਨ ਹੈ -

***ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥*** ***ਅੰਗ - 151***

ਮਨ ਦੀ ਮਤ ਵਿਚ ਰੋਲ-ਘਚੋਲਾ ਹੋਣ ਕਰਕੇ ਮਨ ਨੂੰ ਸਹੀ ਸੇਧ ਨਹੀਂ ਮਿਲਦੀ। ਪਰ ਗੁਰੂ ਦੀ ਮਤਿ ਮਾਇਆ ਦੇ ਹਰ ਪ੍ਰਕਾਰ ਦੇ ਪ੍ਰਭਾਵਾਂ ਤੋਂ ਮੁਕਤ ਅਤੇ ਉੱਪਰ ਹੁੰਦੀ ਹੈ। ਉਹ ਮਨੁੱਖ ਨੂੰ ਸਹੀ ਸੇਧ ਦੇਣ ਦੇ ਸਮਰੱਥ ਹੈ। ਵਿਗਿਆਨੀਆਂ ਨੇ ਹੀ ਸੰਸਾਰ ਨੂੰ ਇਸ ਭਰਮ ਵਿਚ ਪਾਇਆ ਹੋਇਆ ਹੈ ਕਿ ਗੁਰਮਤਿ 500 ਸਾਲ ਪੁਰਾਣੀ ਹੈ। ਪਰ ਅੱਜ ਦਾ ਵਿਗਿਆਨੀ ਗੁਰੂ ਨਾਨਕ ਸਾਹਿਬ ਦੇ ਕੇਤੇ ਚੰਦਾਂ, ਸੂਰਜਾਂ ਅਤੇ ਕਈ ਸੂਰਜ ਮੰਡਲਾਂ ਦੀ ਗੱਲ ਨੂੰ ਪ੍ਰਵਾਨ ਕਰਕੇ ਆਪਣੇ ਮਨ ਵਿਚ ਇਹ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਾਰ-ਦਰਸ਼ੀ ਸਨ। ਉਨ੍ਹਾਂ ਦੀਆਂ ਸਿਆਣਪ ਦੀਆਂ ਗੱਲਾਂ ਚਾਹੇ ਉਹ ਵਿਗਿਆਨ ਦੇ ਖੇਤਰ ਨਾਲ ਸੰਬੰਧ ਰੱਖਦੀਆਂ ਹੋਣ, ਚਾਹੇ ਉਹ ਧਾਰਮਿਕ ਖੇਤਰ, ਜਾਂ ਸਦਾਚਾਰਕ ਤੇ ਸਮਾਜਿਕ ਖੇਤਰ ਨਾਲ ਸੰਬੰਧਤ ਹੋਣ, ਉਹ ਤ੍ਰੈ-ਗੁਣੀ ਮਾਇਆ ਦੀ ਸੋਚ ਨਾਲੋਂ ਬਹੁਤ ਉਚੇਰੀਆਂ ਹਨ ਅਤੇ ਸਦਾ ਰਹਿਣਗੀਆਂ।

ਸਾਧਾਰਨ ਸਿਆਣਪ ਸੋਝੀ ਦੀ ਇਕ ਮੱਧਮ ਧਾਰਾ ਹੈ। ਇਹ ਸਿਆਣਪ ਅੰਤ ਸਮੇਂ ਤਕ ਮਨੁੱਖ ਨੂੰ ਡਾਵਾਂਡੋਲ ਅਵਸਥਾ ਵਿਚ ਰੱਖਦੀ ਹੈ, ਜਿਸ ਕਰਕੇ ਮਨੁੱਖ ਵਾਹਿਗੁਰੂ ਜੀ ਦੀ ਰਜ਼ਾ ਅਤੇ ਭਾਣੇ ਵਿਚ ਨਹੀਂ ਟਿਕਦਾ। ਸਾਧਾਰਨ ਸਿਆਣਪ ਉੱਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਗੀਆਂ ਮਨੁੱਖ ਦੀਆਂ ਮੂਲ ਪਰਵਿਰਤੀਆਂ ਇਹ ਪੰਜੇ ਮਹਾਂਬਲੀ ਬੜੇ ਸੂਖਮ-ਭਾਵੀ ਹਨ ਅਤੇ ਸਾਧਾਰਨ ਬੰਦੇ ਤੋਂ ਕਈ ਵਾਰੀ ਅਸਾਧਾਰਨ ਕੰਮ ਕਰਵਾਉਂਦੇ ਹਨ। ਅਜਿਹੇ ਬੰਦੇ ਮਨੁੱਖੀ ਸਮਾਜ ਲਈ ਬਿਪਤਾ ਦਾ ਕਾਰਣ ਬਣਦੇ ਹਨ। ਇਨ੍ਹਾਂ ਪੰਜਾਂ ਤੋਂ ਹੀ ਈਰਖਾ ਅਤੇ ਨਫ਼ਰਤ ਪੈਦਾ ਹੁੰਦੀ ਹੈ, ਜੋ ਅੱਗੋਂ ਚੱਲ ਕੇ ਹਿੰਸਾ ਦਾ ਰੂਪ ਧਾਰਨ ਕਰ ਜਾਂਦੀ ਹੈ। ਇਉਂ ਦੋ ਕਿਸਮ ਦੇ ਧਰਮਾਂ ਦੇ ਪੈਰੋਕਾਰਾਂ ਵਿਚਕਾਰ ਖਿਚੋਤਾਣ ਵੇਖਣ ਵਿਚ ਆਉਂਦੀ ਹੈ। ਧਰਮ ਦਾ ਅਸਲ ਨਿਸ਼ਾਨਾ ਤਾਂ ਸੱਚ ਦੀ ਭਾਲ ਕਰਨਾ ਹੈ, ਫਿਰ ਇਹ ਖਿਚੋਤਾਣ ਕਾਹਦੇ ਲਈ ? ਭਾਈ ਗੁਰਦਾਸ ਜੀ ਵਿਅੰਗ ਕਰਦੇ ਕਹਿੰਦੇ ਹਨ -

***ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥*** ***ਭਾਈ ਗੁਰਦਾਸ ਜੀ***

ਗੁਰਬਾਣੀ ਦੀ ਡੂੰਘੀ ਵਿਚਾਰ ਅਤੇ ਗੁਰ-ਸ਼ਬਦ ਦੀ ਨਿਰਮਲ ਭੈ-ਭਾਵਨੀ ਨਾਲ ਕੀਤੀ ਕਮਾਈ ਨਾਲ ਜਿਹੜਾ ਸੂਰਮਾ ਇਨ੍ਹਾਂ ਪੰਜਾਂ ਨਾਲ ਗੁਰੂ ਦੀ ਮਿਹਰ ਸਦਕਾ ਸਿੱਝਣਾ ਜਾਣ ਲਵੇ, ਉਹ ਉੱਚੀ ਮਤ ਦੇ ਘਰ ਪਹੁੰਚਦਾ ਹੈ। ਉਸਦੇ ਵਿਵਹਾਰ ਵਿਚ ਨਫ਼ਰਤ ਦੀ ਥਾਂ ਪ੍ਰੇਮ ਅਤੇ ਈਰਖਾ ਦੀ ਥਾਂ ਸਰਬੱਤ ਦੇ ਭਲੇ ਲਈ ਸੇਵਾ ਤੇ ਕੁਰਬਾਨੀ ਕਰਨ ਦਾ ਚਾਉ ਉਪਜਦਾ ਹੈ। ਉਹ ਸਦਾ ਖੇੜੇ ਵਿਚ ਰਹਿੰਦਾ ਹੈ। ਸਾਰੀ ਰਚਨਾ ਵਿਚ ਉਸਨੂੰ ਇਕੋ ਹੀ ਸਰੂਪ ਦੇ ਦਰਸ਼ਨ ਹੁੰਦੇ ਹਨ। ਉਹ ਕਿਸ ਨੂੰ ਮੰਦਾ ਕਹੇ ਤੇ ਕਿਸ ਨੂੰ ਚੰਗਾ ? ਸਹਜ ਅਵਸਥਾ ਉਹ ਹੈ, ਜਦੋਂ ਦੇਹੁਰਾ (ਮੰਦਰ) ਤੇ ਮਸੀਤ ਵਿਚਲਾ ਅੰਤਰ ਮਿਟ ਜਾਂਦਾ ਹੈ, (ਠਾਕਰਾਂ ਦੀ) ਪੂਜਾ ਤੇ (ਰੱਬ ਅੱਗੇ ਪੜ੍ਹੀ) ਨਿਮਾਜ਼ ਵਿਚ ਕੋਈ ਭੇਦ ਨਹੀਂ ਰਹਿੰਦਾ। ਸਾਰੇ ਧਰਮਾਂ ਦੇ ਪੂਜਾ-ਪਾਠ ਕਰਨ ਦੇ ਵਿਧੀ-ਵਿਧਾਨ, ਨਿਆਰੇ-ਨਿਆਰੇ ਦੇਸ਼ਾਂ ਦੇ ਲੋਕਾਂ ਦੇ ਰਹਿਣ-ਸਹਿਣ, ਸੋਚ-ਵਿਚਾਰ, ਸਦੀਆਂ ਤੋਂ ਚਲਦੀਆਂ ਆ ਰਹੀਆਂ ਰੀਤਾਂ ਤੇ ਮਨੌਤਾਂ ਵਿਚਲੀ ਭਿੰਨਤਾ ਸਹਜ ਅਵਸਥਾ 'ਤੇ ਅਪੜਿਆਂ ਹੀ ਮੁੱਕਦੀ ਹੈ, ਇਸ ਤੋਂ ਉਰੇ ਨਹੀਂ। ਫਿਰ ਮਨ 'ਸਭਨਾ ਦੀ ਰੇਣੁਕਾ' ਹੋ ਕੇ ਉੱਚੀ ਮਤ ਦਾ ਧਾਰਨੀ ਬਣਦਾ ਹੈ। ਸਰਬੱਤ ਦਾ ਭਲਾ ਕਰਨਾ ਐਸੇ ਮਨੁੱਖ ਦੇ ਜੀਵਨ ਦਾ ਆਦਰਸ਼ ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਸੋਚ ਨੂੰ ਪੁਰਾਤਨ ਗੁਰਸਿੱਖਾਂ ਨੇ ਆਪਣੀ ਨਿੱਤ ਦੀ ਅਰਦਾਸ ਦਾ ਅੰਗ ਬਣਾ ਕੇ ਸਤਿਗੁਰਾਂ ਅੱਗੇ ਮਨ ਨੀਵਾਂ ਤੇ ਮਤ ਉੱਚੀ ਬਖਸ਼ਣ ਦੀ ਜਾਚਨਾ ਕੀਤੀ ਹੈ।

# ਬਾਰਹ ਮਾਹ ਕਥਾ

*[(ਸਵਰਗੀ) ਡਾ. ਤਾਰਨ ਸਿੰਘ ਜੀ]*

***ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥ ਅੰਗ - 134***

ਅਰਥ: ਭਾਦੋਂ (ਦੇ ਮਹੀਨੇ) ਵਿਚ (ਜੀਵ ਰੂਪ ਇਸਤਰੀ) ਭਰਮ ਕਰਕੇ ਭੁੱਲੀ (ਰਹਿੰਦੀ) ਹੈ (ਕਿਉਂਕਿ ਪ੍ਰਭੂ ਪਤੀ ਨੂੰ ਛੱਡ ਕੇ), ਦੂਜੇ (ਪਾਸੇ ਭਾਵ ਮਾਇਆ ਨਾਲ ਇਸ ਦਾ) ਪਿਆਰ ਲੱਗਾ ਰਹਿੰਦਾ ਹੈ। (ਅਜਿਹੀ ਹਾਲਤ ਵਿਚ ਜੇ) ਲੱਖ (ਕਿਸਮ ਦਾ) ਹਾਰ-ਸ਼ਿੰਗਾਰ ਬਣਾਇਆ ਹੋਵੇ (ਉਹ) ਕਿਸੇ ਕੰਮ ਨਹੀਂ ਆਉਂਦਾ (ਭਾਵ ਵਿਅਰਥ ਹੈ)। ਜਿਸ ਦਿਹਾੜੇ (ਇਸ ਦਾ) ਸਰੀਰ ਨਾਸ਼ ਹੋ ਜਾਵੇਗਾ, ਉਸ ਵੇਲੇ (ਸਾਰੇ ਜੀਵ ਇਸ ਨੂੰ) ਪ੍ਰੇਤ (ਪ੍ਰੇਤ) ਕਹਿਣਗੇ। (ਉਸ ਵੇਲੇ ਇਸ ਦੀ ਜਿੰਦੜੀ ਨੂੰ ਧਰਮਰਾਜ ਦੇ) ਜਮਦੂਤ ਫੜ ਕੇ ਲੈ ਚਲਣਗੇ (ਅਤੇ ਉਹ) ਕਿਸੇ (ਹਿਤੂ ਨੂੰ ਇਸ ਗੱਲ ਦਾ) ਭੇਦ ਨਹੀਂ ਦੇਣਗੇ (ਕਿ ਉਹ ਕਿਥੇ ਲੈ ਚਲੇ ਹਨ?)। ਜਿਨ੍ਹਾਂ (ਸੰਬੰਧੀਆਂ ਅਤੇ ਮਿੱਤਰਾਂ) ਨਾਲ (ਇਸੇ ਜੀਵ ਦਾ) ਪਿਆਰ ਲੱਗਾ (ਹੋਇਆ ਸੀ ਉਹ ਸਾਰੇ ਹੀ ਇਸ ਨੂੰ) ਖਿਣਮਾਤਰ ਵਿਚ ਹੀ ਛੱਡ ਖਲੋਤੇ (ਭਾਵ ਸਾਥ ਨਹੀਂ ਗਏ)। (ਉਸ ਵੇਲੇ ਸਰੀਰ ਲੁੱਛਦਾ ਹੈ, ਜੀਵ) ਹੱਥਾਂ ਨੂੰ ਮਰੋੜਦਾ ਹੈ, ਸਰੀਰ ਕੜਕਦਾ ਹੈ, ਇਸ ਦੇ (ਸਰੀਰ ਦਾ ਰੰਗ) ਕਾਲੇ ਤੋਂ ਚਿੱਟਾ ਹੋ ਜਾਂਦਾ ਹੈ। (ਤੱਤ ਗੱਲ ਇਹ ਹੈ ਕਿ ਇਹ ਸਰੀਰ ਰੂਪੀ) ਧਰਤੀ ਕਰਮਾਂ ਦਾ ਖੇਤ ਹੈ, ਜਿਹੋ ਜਿਹਾ (ਕੋਈ) ਬੀਜ ਬੀਜਦਾ ਹੈ, ਉਹੋ ਕੁਝ ਹੀ ਵੱਢਦਾ ਹੈ (ਭਾਵ, ਕੀਤੇ ਕਰਮਾਂ ਦਾ ਫਲ ਮਿਲਦਾ ਹੈ)। ਨਾਨਕ (ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਹੜੇ ਜੀਵ) ਪ੍ਰਭੂ ਦੀ ਸ਼ਰਨ ਵਿਚ ਆ ਜਾਂਦੇ ਹਨ, (ਉਨ੍ਹਾਂ ਨੂੰ ਮਾਨੋ) ਪ੍ਰਭੂ ਆਪਣੇ ਚਰਨਾਂ-ਰੂਪੀ ਜਹਾਜ਼ ('ਤੇ ਚੜ੍ਹਾ ਕੇ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ)। ਓਹ (ਮਨੁੱਖ) ਭਾਦੋਂ (ਦੇ ਮਹੀਨੇ) ਅੰਦਰ ਨਰਕ ਵਿਚ ਨਹੀਂ ਪਾਏ ਜਾਂਦੇ (ਜਿਨ੍ਹਾਂ ਦਾ) ਪਿਆਰਾ ਗੁਰੂ ਰਖਵਾਲਾ ਹੈ।

---

# ਅੰਮ੍ਰਿਤ ਛਕੀਦੇ ਖੰਡੇਧਾਰ

*[ਭਾਈ ਸੁਖਦੇਵ ਸਿੰਘ ਜਾਣੀਆ]*

ਸਮਾਂ ਬਹੁਤ ਭਿਆਨਕ ਆ ਗਿਆ, ਹਰ ਪਾਸੇ ਹਾਹਾਕਾਰ।
ਕੋਈ ਰਸਤਾ ਦਿਸਦਾ ਹੋਰ ਨਾ, ਇੱਕ ਓਟ ਗੁਰੂ ਕਰਤਾਰ।
ਸਭਨਾਂ ਨੂੰ ਕਰੀਏ ਬੇਨਤੀ, ਸਭ ਸੁਣਿਓ ਨਾਲ ਪਿਆਰ।
ਨਾਲ ਜੋ ਚੰਗਾ ਹੈ ਉਹ ਮੰਨੀਏ, ਦਈਏ ਮੰਦਾ ਮਨੋ ਵਿਸਾਰ।
ਦਈਏ ਛੱਡ ਸ਼ਰਾਬ ਪੀਣੀਆਂ, ਨਾ ਬਣੀਏ ਠੇਕੇਦਾਰ।
ਨਾਂ ਅਫ਼ੀਮ, ਤਮਾਕੂ, ਚਰਸ 'ਤੇ , ਨਾਂ ਹੁੱਕਾ ਨਾਂ ਨਸਵਾਰ।
ਸਭ ਚਲੀਏ! ਮਾਰਗ ਧਰਮ, ਲਈਏ ਦਇਆ ਦਿਲਾ ਵਿਚ ਧਾਰ।
ਨਾਂ ਖਾਵੇ ਕੋਈ ਮੀਟ ਬਈ, ਨਾਂ ਇਸ ਕਾ ਕਰੇ ਵਪਾਰ।
ਹੈ ਸਭਨਾਂ ਦੇ ਵਿੱਚ ਵੱਸਦਾ, ਉਹ ਸੱਚਾ ਸਿਰਜਨਹਾਰ।
ਨਾਂ ਗੁੱਗਾ, ਜੋਤਾਂ, ਰੱਖੜੀ, ਨਾਂ ਤੀਆਂ ਦਾ ਤਿਉਹਾਰ।
ਮੱਸਿਆ, ਪੁੰਨਿਆ, ਸੰਗਰਾਂਦ ਨਾਂ, ਸਭ ਇਕੋ ਜਿਹੇ ਨੇ ਵਾਰ।
ਪੂਜੀਏ ਦੇਵੀਆਂ, ਦੇਵਤੇ, ਨਾਂ ਮੜੀ ਮਸਾਣੀ ਪਿਆਰ।
ਇਹ ਭਰਮ ਭੁਲੇਖੇ ਮਨਾਂ ਦੇ, ਹੈ ਦਾਰੂ ਸ਼ਬਦ ਵੀਚਾਰ।
ਬੱਸ! ਪੂਜਾ ਇੱਕ ਅਕਾਲ ਦੀ, ਅਤੇ ਖਾਲਸੇ ਦਾ ਦੀਦਾਰ।

**(ਬਾਕੀ ਪੰਨਾ 20 'ਤੇ)**



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਇਸ ਅਗਲੇਰੇ ਗੁਰਵਾਕ ਅੰਦਰਿ ਅਗਲੀ ਦਰਗਾਹ ਦੀ ਹੋਂਦ ਹਸਤੀ ਦਾ ਮਾਨੋ ਧੁਰਵਾ ਬੰਨ੍ਹਿਆ ਹੈ। ਯਥਾ ਗੁਰਵਾਕ -

*ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ॥*
*ਗੁਰਮਤਿ ਰਾਮ ਨਾਮੁ ਜਸੁ ਗਾਵਾ*
*ਅੰਤਿ ਬੇਲੀ ਦਰਗਹ ਲਏ ਛਡਾਈ॥ਰਹਾਉ॥..*
*ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ*
*ਤਿਨ ਦਰਗਹ ਹਰਿ ਹਰਿ ਦੇ ਵਡਿਆਈ॥*
*ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ*
*ਜਨ ਨਾਨਕ ਮੇਲਿ ਲਏ ਗਲਿ ਲਾਈ॥੪॥੪॥*
*ਅੰਗ - ੪੯੩*

ਇਸ ਗੁਰਵਾਕ ਅੰਦਰ ਗੁਰੂ ਸਚੇ ਪਾਤਸ਼ਾਹ ਮਨ ਪ੍ਰਥਾਇ ਪ੍ਰਬੋਧਨੀ ਸਿਖਿਆ ਦੇ ਕੇ ਗੁਰਸਿਖਾਂ ਪ੍ਰਤੀ ਪਰਪਕ ਨਿਸਚੇ ਕਰਾਉਂਦੇ ਹਨ ਕਿ ਗੁਰਮਤਿ ਨਾਮ ਐਸਾ ਸਖਾ ਸਹਾਈ ਹੈ ਕਿ ਜੋ ਜਨ ਇਸ ਨੂੰ ਮਨ, ਬਚ, ਕਰਮ ਕਰਕੇ ਹਿਤੋਂ ਚਿਤੋਂ ਅਰਾਧਦੇ ਹਨ, ਤਿਨ੍ਹਾਂ ਜਨਾਂ ਦਾ ਅੰਤ ਕਾਲ ਵਿਖੇ ਇਹ ਨਾਮ ਸਚੜਾ ਬੇਲੀ ਹੁੰਦਾ ਹੈ ਅਤੇ ਤਿਨ੍ਹਾਂ ਨੂੰ ਅਗਲੀ ਦਰਗਾਹ ਅੰਦਰਿ ਛੁਡਾਵਣਹਾਰਾ ਹੁੰਦਾ ਹੈ।ਜੋ ਜਨ ਸਤਿਗੁਰੂ ਵਾਹਿਗੁਰੂ ਦੇ ਅਨਿੰਨ ਸੇਵਕ ਭਗਤ ਬਣ ਕੇ ਉਸੇ ਦੀ ਸਰਨਿ ਸਮਾਏ ਰਹਿੰਦੇ ਹਨ, ਤਿਨ੍ਹਾਂ ਨੂੰ ਵਾਹਿਗੁਰੂ ਸਚਾ ਪਾਤਸ਼ਾਹ ਸਚੜੀ ਦਰਗਾਹ ਵਿਖੇ ਸਚੜੀ ਵਡਿਆਈ ਦਿੰਦਾ ਹੈ। ਤਿਨ੍ਹਾਂ ਨੂੰ ਵਾਹਿਗੁਰੂ ਸਚੜਾ ਧੰਨ ਧੰਨ ਆਖ ਕੇ ਵਡਿਆਉਂਦਾ ਅਤੇ ਆਪਣੀ ਸਚੀ ਦਰਗਾਹ ਵਿਖੇ ਮੇਲ ਕੇ ਆਪਣੇ ਗਲ ਲਾਉਂਦਾ ਹੈ। ਫੇਰ ਸ੍ਰੀ ਸਤਿਗੁਰੂ ਸਾਹਿਬ ਫ਼ੁਰਮਾਉਂਦੇ ਹਨ -

*ਅਪਜਸੁ ਮਿਟੈ ਹੋਵੈ ਜਗਿ ਕੀਰਤਿ*
*ਦਰਗਹ ਬੈਸਣੁ ਪਾਈਐ॥*
*ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ*
*ਸੁਖ ਅਨਦ ਸੇਤੀ ਘਰਿ ਜਾਈਐ॥੧॥*
*ਜਾ ਤੇ ਘਾਲ ਨ ਬਿਰਥੀ ਜਾਈਐ॥*
*ਆਠ ਪਹਰੁ ਸਿਮਰਹੁ ਪ੍ਰਭੁ ਅਪਨਾ*
*ਮਨਿ ਤਨਿ ਸਦਾ ਧਿਆਈਐ॥੧॥ਰਹਾਉ॥੨॥੧੪॥੨॥*
*ਅੰਗ - ੫੦੦*

ਅਠੋ ਪਹਿਰ ਵਾਹਿਗੁਰੂ ਸਿਮਰਨ ਕਰਨ ਕਰਿ ਅਤੇ ਮਨਿ ਤਨਿ ਸਦਾ ਧਿਆਵਨ ਕਰਿ ਜੋ ਸਚੀ ਅਭਿਆਸ ਕਮਾਈ ਦੀ ਘਾਲ ਘਾਲੀ ਜਾਂਦੀ ਹੈ, ਸੋ ਕਦੇ ਬਿਰਥੀ ਨਹੀਂ ਜਾਂਦੀ ਅਤੇ ਆਪਣਾ ਫਲ ਅੰਕੂਰੀ ਜ਼ਰੂਰ ਜ਼ਰੂਰ ਲਿਆਉਂਦੀ ਹੈ। ਅੱਵਲ ਤਾਂ ਉਸ ਦਾ ਅਪਜਸ ਹੁੰਦਾ ਹੀ ਨਹੀਂ। ਜੇ ਪਹਿਲਾਂ ਅੰਮ੍ਰਿਤ ਨਾਮ ਪ੍ਰਾਪਤੀ ਤੋਂ ਹੋ ਭੀ ਗਿਆ ਹੋਵੇ ਤਾਂ ਉਹ ਸਗਲਾ ਅਪਜਸ ਇਸ ਘਾਲ ਕਮਾਈ ਦੁਆਰਾ ਮਿਟ ਜਾਂਦਾ ਹੈ ਤੇ ਸਾਰੇ ਜਗ ਅੰਦਰਿ ਉਸਦੀ ਕੀਰਤੀ (ਜਸ ਵਡਿਆਈ) ਹੋਣ ਲਗ ਪੈਂਦੀ ਹੈ ਅਤੇ ਅਗਲੀ ਦਰਗਾਹ ਵਿਚ (ਅਗੇ ਚਲ ਕੇ) ਉਸ ਨੂੰ ਬੈਸਣ ਲਈ ਖ਼ਾਸ ਸਥਾਨ ਮਿਲਦਾ ਹੈ। ਇਸ ਦੀ ਜਮ ਕੀ ਤ੍ਰਾਸ ਖਿਨ ਮਹਿ ਨਾਲ ਹੋ ਜਾਂਦੀ ਹੈ। ਉਹ ਸੁਖ ਅਨੰਦ ਸੇਤੀ ਬਜਦੇ ਬਾਜਾਂ ਵਾਹਿਗੁਰੂ ਦੇ ਨਿਜ ਘਰ ਮਹਿਲੀ ਵਾਸਾ ਜਾਇ ਪਾਉਂਦਾ ਹੈ। ਇਸ ਗੁਰਵਾਕ ਤੋਂ ਸਪੱਸ਼ਟ ਅਗਲੀ ਦਰਗਾਹ ਭੀ ਸਿੱਧ ਹੋ ਗਈ ਅਤੇ ਤਿਸ ਦਰਗਾਹ ਵਿਖੇ ਪੁਗ ਖਲੋਤੇ ਗੁਰਮੁਖ ਜਨਾਂ ਨੂੰ ਖ਼ਾਸ ਸਥਾਨ ਮਿਲਣ ਦੀ ਭੀ ਸਚੀ ਗਵਾਹੀ ਮਿਲ ਗਈ।

ਜੋ ਜਨ ਅਹਿਨਿਸ ਗੁਰੂ ਕੇ ਭੈ-ਭਾਉ ਵਿਚਿ ਵਸਦੇ ਰਸਦੇ ਬਹਿੰਦਿਆਂ ਉਠਦਿਆਂ ਭੈ-ਭਾਵਨੀ ਸੇਤੀ ਗੁਰੂ ਕੀ ਕਾਰ (ਗੁਰਮਤਿ ਨਾਮ ਅਭਿਆਸ ਕਮਾਈ ਵਾਲੀ) ਕਮਾਵੰਦੇ

ਹਨ, ਤਿਨ੍ਹਾਂ ਨੂੰ ਐਥੇ (ਇਸ ਲੋਕ ਵਿਖੇ) ਸਚੀਆਂ ਸੁਖ-ਵਡਿਆਈਆਂ ਮਿਲਦੀਆਂ ਹਨ ਤੇ ਅਗਲੀ ਦਰਗਾਹੇ ਜਾ ਕੇ ਤਿਨ੍ਹਾਂ ਨੂੰ ਮੁੱਖ ਦੁਆਰ ਦੀ ਪਰਾਪਤੀ ਹੁੰਦੀ ਹੈ, ਯਥਾ ਗੁਰਵਾਕ -

*ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ॥*
*ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ॥੧॥(੧੯)*
*ਅੰਗ - ੫੧੬*

ਗੁਰਮਤਿ ਨਾਮ ਦੀ ਰੰਗਣ ਵਿਚ ਐਸਾ ਰੰਗਿਆ ਜਾਵੇ ਕਿ ਸਤਿਗੁਰੂ ਦੇ ਸਰੂਪ ਵਿਚ ਹੀ ਸਮਾ ਜਾਵੇ। ਐਸੇ ਸਤਿਗੁਰੂ ਸੇਤੀ ਰਤਿਆਂ ਗੁਰਮੁਖਾਂ ਦੀ ਸੱਚੀ ਦਰਗਾਹੋਂ ਸੱਚੀ ਸਮਾਈ ਹੁੰਦੀ ਹੈ ਅਤੇ ਸੱਚੀ ਦਰਗਾਹ ਅੰਦਰਿ ਖ਼ਾਸ ਥਾਉਂ ਤਿਨ੍ਹਾਂ ਨੂੰ ਮਿਲਦਾ ਹੈ। ਯਥਾ ਗੁਰਵਾਕ -

*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥੧॥(੧)* *ਅੰਗ - ੫੧੭*

ਥਾਉਂ ਤਦੇ ਹੀ ਮਿਲਦਾ ਹੈ ਕਿ ਅਗਲੀ ਦਰਗਾਹ ਹੈ। ਤਾਂਤੇ ਉਪਰਲੇ ਗੁਰਵਾਕ ਦੁਆਰਾ ਅਗਲੀ ਦਰਗਾਹ ਦੀ ਹਸਤੀ ਭੀ ਸਿਧ ਹੋ ਗਈ ਅਤੇ ਸਿਰੋਪਾਉ ਮਿਲਨਾ ਭੀ ਸਾਬਤ ਹੋ ਗਿਆ। ਭਗਤਾਂ ਦਾ ਤਾਂ ਬੋਲਿਆ ਭੀ ਪਰਵਾਨ ਹੈ ਅਤੇ ਦਰਗਾਹੇ ਥਾਇਂ ਪੈਂਦਾ ਹੈ -

*ਭਗਤਾ ਕਾ ਬੋਲਿਆ ਪਰਵਾਣੁ ਹੈ*
*ਦਰਗਹ ਪਵੈ ਥਾਇ ॥੧੪॥* *ਅੰਗ - ੫੨੧*

ਨਿਗੁਰੇ ਮਨਮੁਖ ਸਤਿਗੁਰੂ ਦੀ ਸਚ ਗੁਰੱਤਤਾ ਤੋਂ ਘੁਥੇ ਹੋਏ ਮੀਣੇ ਪਾਖੰਡੀ ਆਪੇ ਹੀ ਬਣਿ ਬੈਠੇ ਨਕਲੀ ਗੁਰੂ ਬਾਤਾਂ ਬਣਾਉਣੀਆਂ ਤਾਂ ਬਹੁਤੀਆਂ ਜਾਣਦੇ ਹਨ ਪਰ ਕਰਣੀ ਦੇ ਥੋਥੇ ਹੀ ਹੁੰਦੇ ਹਨ। ਐਸੇ ਗੁਰੂ ਸਦਾਵਣਹਾਰੇ ਨਿਗੁਰਿਆਂ ਨੂੰ ਹਰਿ ਦਰਗਾਹ ਵਿਖੇ ਫਿਟਕਾਰ, ਮੁਗਦਰਾਂ ਦੀ ਮਾਰ ਪਵੇਗੀ। ਹਰਿ ਦਰਗਾਹੇ ਉਹ ਭ੍ਰਸ਼ਟੀ ਹੀ ਗਰਦਾਨੇ ਜਾਣਗੇ। ਸਚੜੀ ਦਰਗਾਹ ਅੰਦਰਿ ਸਚ ਨਿਆਉਂ ਨਿਬੇੜਾ ਤਿਨ੍ਹਾਂ ਦੇ ਮੀਣਪੁਣੇ ਦਾ ਹੋਵੇਗਾ -

*ਜਿਉ ਨਿਗੁਰਾ ਬਹੁ ਬਾਤਾ ਜਾਣੈ*
*ਓਹੁ ਹਰਿ ਦਰਗਹਿ ਹੈ ਭ੍ਰਸਟੀ॥੧॥(੨॥੬)।*
*ਅੰਗ - ੫੨੮*

ਐਸੇ ਪਾਪੀ ਪੁਰਸ਼ਾਂ, ਗੁਰ-ਬਿਮੁਖਾਂ ਨੂੰ ਹਰਿ ਦਰਗਹਿ ਢੋਈ ਕਦਾਚਿਤ ਨਹੀਂ ਮਿਲਣੀ, ਜੋ ਆਪਣੀ ਮਨਮੁਖਤਾ ਦੇ ਅਧੀਨ ਹੋ ਕੇ ਅਣਹੋਏ ਗੁਰੂ ਸਦਾਵਣ ਦਾ ਪਾਖੰਡ ਪਾਪ ਕਮਾਉਂਦੇ ਹਨ। ਇਹ ਪਾਪ, ਪ੍ਰਮਾਰਥ ਦਾ ਪਾਪ ਹੈ। ਇਸ ਪਾਪ ਤੋਂ ਸਾਰੇ ਪਾਪ ਲਜਾਵੰਦੇ, ਸ਼ਰਮ ਖਾਂਵਦੇ ਹਨ (ਪਾਪ ਕਰਹੁ ਪਰਮਾਰਥ ਦੇ ਜਿਹ ਪਾਪਨ ਤੇ ਅਤੀ ਪਾਪ ਲਜਾਹੀ); ਯਥਾ ਗੁਰਵਾਕ -

*ਹਰਿ ਦਰਗਹ ਢੋਈ ਨਾ ਲਹਨਿ੍ ਮੇਰੀ ਜਿੰਦੁੜੀਏ*
*ਜੋ ਮਨਮੁਖ ਪਾਪਿ ਲੁਭਾਣੇ ਰਾਮ ॥੧॥(੪॥੫)।*
*ਅੰਗ - ੫੪●*

ਵਾਹਿਗੁਰੂ ਦੇ ਸਚੇ ਸੇਵਕ ਗੁਰਮੁਖ ਭਗਤ ਜਨ, ਜੋ ਵਾਹਿਗੁਰੂ ਭਾਣੇ ਅਕਾਲ ਪੁਰਖ ਦੀ ਦਰਗਾਹ ਪਰਾਇਣ ਹੋ ਚੁਕੇ ਹਨ, ਸੋਈ ਸਚੀ ਦਰਗਾਹੇ ਸਚੜੀ ਸੋਭਾ ਸੇਤੀ ਸੁਰਖ਼ਰੂ ਹੋਏ ਉਜਲ ਮੁਖਲੇਰੇ ਦੰਮ ਦੰਮ ਕਰਦੇ ਜਾਂਦੇ ਹਨ । ਯਥਾ ਗੁਰਵਾਕ -

*ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ*
*ਜੋ ਪ੍ਰਭ ਮੇਰੇ ਮਨਿ ਭਾਣੇ ਰਾਮ॥*
*ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ*
*ਅਹਿਨਿਸਿ ਸਾਚਿ ਸਮਾਣੇ ਰਾਮ॥੨॥* *ਅੰਗ - ੫੪੧*

ਸਚੀ ਦਰਗਾਹੇ ਪੈਧੇ ਹੋਏ, ਸਚੇ ਸੇਤੀ ਹੀ ਸਦ ਸਦਾ ਸਮਾਏ ਰਹਿੰਦੇ ਹਨ। ਸਚੇ ਵਾਹਿਗੁਰੂ ਦੀ, ਸਚੀ ਹਰਿ ਦਰਗਾਹ ਪਹੁੰਚ ਕੇ ਜਿਨ੍ਹਾਂ ਦੀ ਚਰਨ ਸਰਨਿ ਸਮਾਈ ਹੋ ਜਾਂਦੀ ਹੈ ਉਹਨਾਂ ਦੀ ਰੈਣ ਦਿਵਸ ਚਰਨ ਕਮਲਾਂ ਵਿਖੇ ਹੀ ਲਿਵ ਲਗੀ ਰਹਿੰਦੀ ਹੈ। ਐਸੀ ਲਿਵ-ਪ੍ਰਾਪਤੀ ਤਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ ਹੀ ਨਸੀਬ ਹੁੰਦੀ ਹੈ, ਜਿਨ੍ਹਾਂ ਨੂੰ ਬਿਧਾਤੇ ਨੇ ਧੁਰੋਂ ਲਿਖਤ ਕਾਰ ਲਿਖੀ ਹੋਈ ਹੁੰਦੀ। ਨਹੀਂ ਤਾਂ ਇਹ ਮਾਰਗ ਬੜਾ ਬਿਖੜਾ ਹੈ। ਗੁਰੂ ਵਰੋਸਾਇ ਸਾਧਾਂ ਗੁਰਮੁਖਾਂ ਨੂੰ ਹੀ ਇਹ ਪੰਥ ਪਰਗਟਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ -

*ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ*
*ਹਰਿ ਹਰਿ ਨਾਮੁ ਅਰਾਧੇ ਰਾਮ॥*
*ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ*
*ਜਮ ਕਾ ਮਾਰਗੁ ਸਾਧੇ ਰਾਮ॥*
*ਮਾਰਗੁ ਬਿਖੜਾ ਸਾਧਿ ਗੁਰਮੁਖਿ*
*ਹਰਿ ਦਰਗਹ ਸੋਭਾ ਪਾਈਐ॥*
*ਜਿਨ ਕਉ ਬਿਧਾਤੈ ਧੁਰਹੁ ਲਿਖਿਆ*
*ਤਿਨ੍ਾ ਰੈਣਿ ਦਿਨੁ ਲਿਵ ਲਾਈਐ॥੨॥(੪॥੧॥)*
*ਅੰਗ - ੫੪੨*

ਇਹ ਗੁਰਵਾਕ ਸਾਫ਼ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਮ ਕਾ ਮਾਰਗ ਹੈ, ਪਰ ਇਹ ਸਾਧਿਆ ਤਿਨ੍ਹਾਂ ਤੋਂ ਹੀ ਜਾਂਦਾ ਹੈ ਜਿਨ੍ਹਾਂ ਨੇ ਕਿ ਪੂਰਾ ਗੁਰੂ ਸੱਚੀ ਸੇਵਾ-ਭਾਵਨਾ ਕਰ ਕੇ ਧਾਰਨ ਕੀਤਾ ਹੈ। ਪੂਰਾ ਗੁਰੂ ਧਾਰਨ ਕਰਨ ਦੀ ਬਿਧੀ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਨੇ ਸਦਾ ਲਈ, ਪਰੰਪਰਾ ਲਈ ਇਹ ਪਰਚਲਤ ਕੀਤੀ ਹੋਈ ਹੈ ਕਿ ਗੁਰੂ ਨਾਨਕ ਦਸਮੇਸ਼ ਦੇ ਵਰੋਸਾਏ ਹੋਏ ਪੰਚ ਪਰਵਾਨ ਪੰਚ ਪਰਧਾਨ ਗੁਰਮੁਖਾਂ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਹਜ਼ੂਰੀ ਵਿਚ ਅੰਮ੍ਰਿਤ ਛਕਿ ਕੇ ਗੁਰ-ਦੀਖਿਆ ਪ੍ਰਾਪਤਿ ਕੀਤੀ ਜਾਵੇ।

**'ਚਲਦਾ'**

# ਬਾਣੀ ਗੁਰੂ ਗੁਰੂ ਹੈ ਬਾਣੀ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਬਾਣੀ ਗੁਰੂ ਗੁਰੂ ਹੈ ਬਾਣੀ ਦੇ ਅੱਖਰੀ ਅਰਥ, ਸਰਲ ਸ਼ਬਦਾਂ ਵਿੱਚ ਇੰਜ ਬਿਆਨ ਕੀਤੇ ਜਾ ਸਕਦੇ ਹਨ -

ਬਾਣੀ ਵਿੱਚ ਗੁਰੂ ਦੇ ਸੰਪੂਰਨ ਗੁਣ ਹਨ + ਗੁਰੂ ਵਿੱਚ ਬਾਣੀ ਦੇ ਸੰਪੂਰਨ ਗੁਣ ਹਨ, ਦੋਹਾਂ ਦੀ ਸਮਾਨਤਾ ਇਕਮਿਕਤਾ ਤੇ ਅਭੇਦਤਾ।

ਹੋ ਸਕਦਾ ਹੈ ਕਿ ਸਿਧਾਂਤਕ ਤੌਰ ਤੇ ਕੋਈ ਹੋਰ ਧਰਮ ਭੀ ਸ਼ਬਦ-ਗੁਰੂ, ਪ੍ਰਣਾਲੀ ਦੀ ਮਹੱਹਤਾ ਨਾਲ ਸਹਿਮਤੀ ਰੱਖਦਾ ਹੋਵੇ ਪਰ ਅਮਲੀ ਤੌਰ ਤੇ ਜਿਸ ਵਿਸ਼ਵਾਸ਼, ਸਿਦਕ ਤੇ ਭਾਵਨਾ ਨਾਲ ਗੁਰਸਿੱਖ ਨੇ ਬਾਣੀ ਨੂੰ ਗੁਰੂ ਦੇ ਰੂਪ ਵਿੱਚ ਪਰਵਾਨ ਕਰਕੇ ਅਥਾਹ ਅਕੀਦਤ ਦਾ ਨਮੂਨਾ ਪੇਸ਼ ਕੀਤਾ ਹੈ ਅਤੇ ਇਸਦੇ ਨਾਲ ਹੀ ਬਾਣੀ ਦੀ ਆਨ ਤੇ ਬਾਣੇ ਦੀ ਵਿਲੱਖਣ ਹਸਤੀ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਆਪਣਾ ਬਲੀਦਾਨ ਕਰਦਾ ਆਇਆ ਹੈ, ਵਿਸ਼ਵ ਭਰ ਵਿੱਚ ਇਸਦੀ ਮਿਸਾਲ ਨਹੀਂ ਮਿਲ ਸਕਦੀ।

ਬਾਣੀ ਗੁਰੂ ਦਾ ਇਹ ਦੈਵੀ ਸਿਧਾਂਤ ਅਖੌਤੀ ਦੇਹਧਾਰੀ ਗੁਰੂਆਂ ਨੂੰ ਕੰਡੇ ਵਾਂਗਰ ਚੁੱਭਦਾ ਹੈ ਤੇ ਰੜਕਦਾ ਹੈ ਕਿਉਂਕਿ ਗੁਰੂ ਡੰਮ ਦਾ ਹਵਾਈ ਕਿਲ੍ਹਾ ਪੰਜਾ ਤੱਤਾਂ ਦੁਆਰਾ ਸਿਰਜੇ ਹੋਏ ਮਿੱਟੀ ਦੇ ਕਲਬੂਤ, ਅਰਥਾਤ ਇਨਸਾਨੀ ਸਰੂਪ ਦੀ ਰਸਨਾ ਤੋਂ ਨਿਕਲੇ ਹੋਏ ਬਚਨਾ ਦੇ ਵਿਸ਼ਵਾਸ਼ ਉੱਤੇ ਉਸਰਿਆ ਹੋਇਆ ਹੈ। ਦਸ ਗੁਰੂ ਸਹਿਬਾਨ ਵੀ ਸਰੀਰਕ ਤੌਰ ਤੇ ਗੁਰਿਆਈ ਪਦ ਦੀਆਂ ਜ਼ਿੰਮੇਵਾਰੀਆਂ ਨੂੰ ਨਿਬਾਉਂਦੇ ਰਹੇ ਪਰ ਉਨਾਂ ਨੇ ਦੇਹ ਨੂੰ ਗੁਰੂ ਨਹੀਂ, ਬਲਕਿ ਜਯੋਤੀ, ਬਚਨ, ਗਿਆਨ ਤੇ ਬਾਣੀ ਨੂੰ ਗੁਰੂ ਮੰਨਿਆ ਤੇ ਹੋਰਨਾਂ ਨੂੰ ਦ੍ਰਿੜਾਇਆ। ਗੁਰੂ ਸਹਿਬਾਨ ਨੇ ਆਪਣੇ ਆਪ ਨੂੰ ਨਾਨਕ ਅਖਵਾ ਕੇ ਦਿਖਾ ਦਿੱਤਾ ਕਿ ਉਹਨਾਂ ਦੀ ਜੋਤਿ ਤੇ ਜੁਗਤੀ, ਅਧਿਆਤਮਕ ਰਹਿਨੁਮਾਈ ਤੇ ਉਪਦੇਸ਼ ਵਿੱਚ ਕੋਈ ਤਬਦੀਲੀ ਨਹੀਂ ਹੋਈ, ਕੇਵਲ ਕਾਇਆ ਪਲਟਦੀ ਆਈ ਹੈ। ਸਤੇ ਬਲਵੰਡ ਦੀ ਵਾਰ ਵਿੱਚ ਜੋਤਿ ਦੀ ਅਮਰ ਪਦਵੀ ਦਾ ਜ਼ਿਕਰ ਬਹੁਤ ਸੁੰਦਰ ਸ਼ਬਦਾਂ ਵਿਚ ਹੋਇਆ ਹੈ।

***ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥***
***ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਅੰਗ - ੯੬੬***

ਆਠ ਧਰਮ ਦੇ ਗ੍ਰੰਥ ਕੇਵਲ ਪੁਸਤਕਾਂ ਹਨ, ਉਨ੍ਹਾਂ ਦਾ ਸਤਿਕਾਰ ਵੀ ਚੰਗੀ ਪੁਸਤਕ ਤੇ ਸਤਿਕਾਰ ਸਮਾਨ ਹੈ, ਇਸ ਤੋਂ ਵੱਧ ਨਹੀਂ। ਕਿਸੇ ਵੀ ਰਹਿਬਰ ਨੇ ਆਪਣੇ ਜੀਵਨ ਕਾਲ ਵਿੱਚ ਗ੍ਰੰਥ ਨਹੀਂ ਲਿਖਿਆ, ਨਾ ਲਿਖਵਾਇਆ। ਬਾਅਦ ਵਿੱਚ ਲਿਖੇ ਗਏ ਇਹ ਗ੍ਰੰਥ ਧਾਰਮਕ ਆਗੂ ਦੀ ਆਤਮਕ ਛੁਹ ਤੋਂ ਸੱਖਣੇ ਰਹੇ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਸਰੀਰਕ ਛੁਹ ਤੇ ਨਾਮ ਸੁਗੰਧ ਪ੍ਰਾਪਤ ਹੈ। ਇਸ ਵਿੱਚ ਨਾਮ ਚ ਭਿੱਜੀ ਰਸਨਾ ਦੀ ਧੁਨੀ ਤੇ ਨੇਤਰਾਂ ਦੀ ਅੰਮ੍ਰਿਤ ਮਈ ਦ੍ਰਿਸ਼ਟੀ ਦਾ ਕੌਤਕਮਈ ਪਰਵੇਸ਼ ਹੈ। ਇਹ ਪੋਥੀ ਜਿਸ ਵਿੱਚ ਨਾਮ ਦੀਆਂ ਵਡਿਆਈਆਂ ਤੇ ਨਾਮੀ ਦੀਆਂ ਸਿਫ਼ਤਾਂ ਸਮਾ ਗਈਆਂ, ਪਰਮੇਸਰ ਦਾ ਅਸਥਾਨ ਬਣ ਗਈ।

***ਸਾਰੰਗ ਮਹਲਾ ੫॥ ਪੋਥੀ ਪਰਮੇਸਰ ਕਾ ਥਾਨੁ॥***
***ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥***
***ਅੰਗ - ੧੨੨੬***

ਜਿਵੇਂ ਇੱਕ ਖਾਕ ਦਾ ਪੁਤਲਾ, ਅਮਰ ਜਯੋਤੀ ਦਾ ਇਕ ਛੋਟਾ ਜਿਹਾ ਕਿਣਕਾ ਪ੍ਰਾਪਤ ਕਰਕੇ ਸੁੰਦਰ ਦੇਹੀ ਵਿੱਚ ਬਦਲ ਗਿਆ ਤੇ ਸਿਰਜਨਹਾਰ ਦੀ ਵਡਿਆਈ ਕਰਨ ਤੇ ਨਾਮ ਜਪਣ ਦੇ ਯੋਗ ਹੋ ਗਿਆ ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਸਤਿਗੁਰੂ ਦੀ ਰਹਿਮਤ, ਗੁਰਮਤਿ ਨਾਮ ਤੇ ਸੱਚੇ ਗਿਆਨ ਦੇ ਸਦਕੇ ਏਨੇ ਸੁਗੰਧਤ ਹੋ ਗਏ ਕਿ ਨਿਰੰਕਾਰ ਨੇ ਆਪਣੀ ਜੋਤ ਦਾ ਪ੍ਰਕਾਸ਼ ਤੇ ਸਰੂਪ ਦਾ ਨਿਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਰ ਲਿਆ। ਹੈਰਾਨੀ ਭੀ ਹੈ

ਤੇ ਹਕੀਕਤ ਭੀ ਕਿ ਸਾਡੀਆਂ ਅੱਖਾਂ ਜੋਤਿ ਤੇ ਸਰੂਪ ਨੂੰ ਤੱਕਣੋਂ ਅਸਮਰਥ ਹਨ। ਇਨ੍ਹਾਂ ਵਿੱਚ ਉਹ ਦ੍ਰਿਸ਼ਟੀ ਨਹੀਂ ਕਿ ਸੂਖਮ ਤੱਤ ਨਿਹਾਰ ਸਕਣ। ਇਸ ਦੈਵੀ ਸੰਬੰਧ ਨੂੰ ਜਾਨਣ ਲਈ ਤੇ ਸਮਝਣ ਲਈ ਸੱਚੇ, ਸੁੱਚੇ ਹਿਰਦੇ ਦੇ ਵਿਸ਼ਵਾਸ਼ ਦੀ ਲੋੜ ਹੈ ਤੇ ਇਸ ਨੂੰ ਤੱਕਣ ਲਈ ਨਿਰਮਲ ਬਿਬੇਕੀ ਦ੍ਰਿਸ਼ਟੀ ਦੀ ਨਿਰੰਕਾਰ, ਸਤਿਗੁਰੂ ਤੇ ਗੁਰਬਾਣੀ ਤਾਂਣੇ ਪੇਟੇ ਵਾਂਗਰ ਸਮਾਏ ਹੋਏ ਹਨ, ਇਨ੍ਹਾਂ ਦਾ ਬਾਹਰੀ ਸਰੂਪ, ਸਰੀਰਕ ਅੱਖਾਂ ਲਈ ਭਿੰਨ ਭਿੰਨ ਹੈ ਪਰ ਵਾਸਤਵ ਵਿੱਚ ਇਨ੍ਹਾਂ ਦਾ ਪ੍ਰਸਪਰ ਸੰਬੰਧ ਜਲ, ਭਾਪ ਤੇ ਬਰਫ ਦੇ ਸੰਬੰਧ ਵਰਗਾ ਹੈ। ਦਸ਼ਮੇਸ਼ ਪਿਤਾ ਨੇ ਫੁਰਮਾਇਆ ਹੈ -

*ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿੱਤ ਲਾਇ॥*
*ਨਿਰਗੁਣ ਸਰਗੁਨ, ਗੁਰਸ਼ਬਦ ਹੈਂ ਕਹੇ ਤੋਹਿ ਸਮਝਾਇ॥*
*(ਪ੍ਰਸ਼ਨ ਉੱਤਰ ਭਾਈ ਨੰਦ ਲਾਲ ਜੀ)*

ਅਰਥਾਤ (੧) ਨਿਰਗੁਨ ਸਰੂਪ ਵਿੱਚ ਆਕਾਰ ਰਹਿਤ ਨਿਰੰਕਾਰ। (੨) ਸਰਗੁਨ ਸਰੂਪ ਵਿੱਚ ਆਕਾਰ ਸਹਿਤ ਗੁਰੂ ਵਿਅਕਤੀ। (੩) ਸਬਦ ਰੂਪ ਵਿੱਚ ਗੁਰਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਇਹ ਤਿੰਨੇ ਹੀ ਇਕੋ ਹਸਤੀ, ਅਕਾਲ ਮੂਰਤਿ ਦੇ ਵੱਖ ਵੱਖ ਪ੍ਰਗਟਾਵੇ ਹਨ।

ਨਿਰੰਕਾਰ-ਗੁਰੂ-ਸਤਿਗੁਰੂ ਦੀ ਮਹਿਮਾ ਨੂੰ ਭੱਟਾਂ ਨੇ ਪਛਾਣਿਆ। ਜਿਸ ਵਿਸ਼ਵਾਸ਼ ਤੇ ਦ੍ਰਿੜਤਾ ਨਾਲ ਉਨ੍ਹਾਂ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਦਾ ਰੂਪ ਵਖਾਇਆ ਹੈ, ਉਹ ਉਨ੍ਹਾਂ ਦੀ ਨਿਰਪੱਖ ਤੇ ਨਿਰਮਲ ਦ੍ਰਿਸ਼ਟੀ ਦੀ ਲਖਾਇਕ ਹੈ। ਫੁਰਮਾਨ ਹੈ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਅੰਗ - ੧੪●੮*

ਸੱਚਾ ਤੇ ਪੂਰਨ ਗੁਰੂ ਉਹ ਹੁੰਦਾ ਹੈ ਜਿਸ ਨੂੰ ਅਕਾਲ ਪੁਰਖ ਨੇ ਆਪ ਨਿਵਾਜਿਆ ਹੋਵੇ। ਆਪੂੰ ਬਣਿਆ ਗੁਰੂ ਬਰਸਾਤ ਦੀਆਂ ਖੁੰਬਾਂ ਵਾਂਗਰ ਆਪਣਾ ਰੂਪ ਦਿਖਾ ਕੇ ਗਾਇਬ ਹੋ ਜਾਂਦਾ ਹੈ ਜਦਕਿ ਸਚਾ ਗੁਰੂ ਹਾੜ੍ਹ ਦੀ ਗਰਮੀ ਅਤੇ ਪੋਹ ਦੇ ਪਾਲੇ ਤੋਂ ਨਿਰਲੇਪ ਰਹਿੰਦਾ ਹੈ। ਗੁਰ ਫੁਰਮਾਨ ਹੈ-

*ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ॥*
*ਓਹ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥*
*ਅੰਗ - ੩੯੭*

**ਨਿਰੰਕਾਰ-ਗੁਰਬਾਣੀ** - ਗੁਰਬਾਣੀ ਦਾ ਇਹ ਵਿਸ਼ੇਸ਼ ਗੁਣ ਹੈ ਕਿ ਇਹ ਇਨਸਾਨੀ ਕ੍ਰਿਤ ਨਹੀਂ, ਇਲਹਾਮੀ ਬਾਣੀ ਹੈ। ਇਹ ਧੁਰ ਕੀ ਬਾਣੀ ਹੈ ਤੇ ਰੱਬੀ ਰੰਗ ਵਾਲੀ ਹੈ। ਇਕ-ਰਸ, ਇਕਸਾਰਤਾ ਦੇ ਗੁਣ ਦੋਹਾਂ ਵਿੱਚ ਸਾਂਝੇ ਹਨ। ਹਜ਼ੂਰ ਦਾ ਫੁਰਮਾਨ ਹੈ -

*ਆਪੇ ਆਪਿ ਆਪਿ ਸਾਲਾਹੇ॥*
*ਤੇਰੇ ਗੁਣ ਪ੍ਰਭ ਤੁਝ ਹੀ ਮਾਹੇ॥*
*ਤੂੰ ਆਪਿ ਸਚਾ ਤੇਰੀ ਬਾਣੀ ਸਚੀ*
*ਆਪੇ ਅਲਖੁ ਅਥਾਹਾ ਹੇ।੧੪॥ ਅੰਗ - ੧●੫੭*

ਸਾਡੇ ਲਈ ਗੁਰਬਾਣੀ ਬੇਸ਼ਕ ਸਤਿਗੁਰੂ ਦੀ ਰਸਨਾ ਤੋਂ ਪ੍ਰਗਟ ਹੋਈ ਹੈ ਪਰ ਇਸ ਦਾ ਸਰੋਤ ਆਪ ਅਕਾਲ ਪੁਰਖ ਹੈ।

*ਸੂਹੀ ਮਹਲਾ ੫॥ ਗੁਣਵੰਤੀ ॥ ... ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ ...*
*ਅੰਗ - ੭੬੩*

ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨ ਅਥਾਹ ਸ਼ਰਧਾ ਤੇ ਰਹੱਸ ਭਰੇ, ਮਾਣ ਤੇ ਸਤਿਕਾਰ ਭਰੇ ਹਨ।

*ਵਾਹੁ ਵਾਹੁ ਬਾਣੀ ਨਿਰੰਕਾਰ ਹੈ,*
*ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ - ੫੧੫*

ਇਸ ਦੇ ਬਾਅਦ ਕਹਿਣ ਦੀ ਕੋਈ ਗੁੰਜ਼ਾਇਸ਼ ਨਹੀਂ ਰਹਿੰਦੀ।

ਬਾਣੀ-ਗੁਰੂ - ਇਹ ਵੀ ਅਕਾਲ ਪੁਰਖ ਦਾ ਆਪਣਾ ਹੁਕਮ ਹੈ, ਚੋਜ ਹੈ ਕਿ ਉਸ ਨੇ ਬਾਣੀ ਤੇ ਗੁਰੂ ਦੀ ਅਭੇਦਤਾ, ਗੁਰੂ ਨਾਨਕ ਘਰ ਨੂੰ ਸੌਂਪੀ ਹੈ ਕਿਉਂਕਿ ਇਸ ਬਖਸ਼ਸ਼ਾਂ ਦੇ ਅਧਿਕਾਰੀ ਕੇਵਲ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਨੇ ਸ਼ਬਦ ਗੁਰੂ ਦੀ ਨਿਰਾਲੀ ਰੀਤਿ ਦਾ ਮੁੱਢ ਬੰਨ੍ਹਿਆ।

ਸਾਰੇ ਗੁਰੂ ਵਿਅਕਤੀ ਨਉ ਨਿਧਿ ਨਾਮ ਗਰੀਬੀ ਦੀ ਦਾਤ ਪਾ ਕੇ ਗਨੀ, ਅਮੀਰ, ਸ਼ਾਹ, ਦਾਤਾਰ ਸਨ। ਜੀਵਨ ਭਰ ਦੁਨਿਆਵੀ ਪਦਾਰਥਾਂ, ਅਧਿਆਤਮਕ ਪ੍ਰਾਪਤੀਆਂ ਲਈ ਕਿਸੇ ਅੱਗੇ ਸੀਸ ਨਹੀਂ ਨਿਵਾਇਆ, ਝੁਕੇ ਨਹੀਂ, ਅਝੁੱਕ ਰਹੇ। ਸਤਿਗੁਰੂ ਨਾਨਕ ਦੇਵ ਜੀ, ਆਪਣੇ ਜੀਵਨ ਕਾਲ ਵਿੱਚ ਕੇਵਲ ਇੱਕ ਵਾਰ ਝੁਕੇ, ਲਹਿਣੇ ਅੱਗੇ ਨਹੀਂ, ਗੁਰੂ ਅੰਗਦ ਦੇਵ ਜੀ ਅੱਗੇ, ਜਦ ਉਨ੍ਹਾਂ ਨੂੰ ਗੁਰੂ ਪਦਵੀ ਦਾ ਮਾਣ ਬਖਸ਼ਿਆ, ਸ਼ਬਦ ਗੁਰੂ ਦੀ ਦਾਤ ਬਖਸ਼ੀ, ਗੁਰਬਾਣੀ ਦਾ ਖਜ਼ਾਨਾ, ਨਾਮ ਦਾ ਭੰਡਾਰ ਬਖਸ਼ਿਆ। ਚੇਲੇ ਨੂੰ ਗੁਰੂ ਬਣਾਇਆ, ਆਪਣਾ ਆਪ ਉਸ ਵਿੱਚ ਸਮਾਇਆ ਏਕ ਜੋਤਿ ਦੋਇ ਮੂਰਤੀ ਸਭਨਾਂ ਨੂੰ ਪਰਤੱਖ ਦਿਖਲਾਇਆ। ਦੂਸਰੇ ਸ਼ਰਦਾਂ ਵਿੱਚ ਗੁਰੂ ਨਾਨਕ ਦੇਵ ਜੀ ਦੇਹ ਅੱਗੇ ਨਹੀਂ ਝੁਕੇ, ਦੇਹ ਤਾਂ ਪਹਿਲਾਂ ਵੀ ਏਹੋ ਸੀ ਆਪ ਨੇ ਸ਼ਬਦ ਨੂੰ, ਗੁਰਬਾਣੀ ਨੂੰ, ਜਯੋਤੀ ਨੂੰ, ਸੀਸ ਨਿਵਾਇਆ। ਜਦ ਗੁਰਦੇਵ ਜੀ ਨੇ ਸਿੱਧਾਂ ਨੂੰ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਸ਼ਬਦ ਗੁਰੂ ਸੁਰਤਿ ਧੁਨਿ ਚੇਲਾ (੯੪੩) ਦਾ ਬਚਨ ਉਚਾਰਿਆ ਸੀ ਤਾਂ ਉਸ ਦਾ ਇਹ ਭਾਵ ਸੀ ਕਿ ਅਸੀਂ

ਭਵਿੱਖ ਵਿੱਚ 'ਸ਼ਬਦ ਗੁਰੂ' ਦੀ ਪਰੰਪਰਾ ਕਾਇਮ ਕਰਨੀ ਹੈ।

ਭੱਟਾਂ ਨੇ ਪੰਚਮ ਪਾਤਸ਼ਾਹ ਦੀ ਰੂਹਾਨੀ ਅਜ਼ਮਤ ਤੱਕੀ, ਦੈਵੀ ਗੁਣਾਂ ਦੀ ਸਮੂਰਤਿ ਹਿਰਦੇ ਨੂੰ ਭਾ ਗਈ, ਪੰਜਾਂ ਗੁਰੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਵੇਖਿਆ, ਸਭਨਾਂ ਵਿੱਚ ਸ਼ਬਦ ਗੁਰੂ ਦੀ ਪਸਰੀ ਜੋਤਿ ਪਰਤੀਤ ਹੋਈ। ਗੁਰੂ ਅਰਜਨ ਦੇਵ ਜੀ ਦੇ ਰੱਬੀ ਗੁਣ ਵਖਾਣਦਿਆਂ ਭੱਟ ਕਲ੍ਹਸਹਾਰ ਨੇ ਉਚਾਰਨ ਕੀਤਾ -

*ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥*
*ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥*
*ਅੰਗ - ੧੪੦੭*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਸੌਂਪਣ ਦੀ ਰਸਮ ਪ੍ਰਚੱਲਤ ਗੁਰਮਤਿ ਵਿਧੀ ਅਨੁਸਾਰ ਕੀਤੀ। ਇੱਕ ਧਾਗੇ ਵਿੱਚ ਪਰੋਈ ਦਸਾਂ ਗੁਰੂਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੂਖਸਮ ਰਿਦੇ ਵਿੱਚ ਵਸਾਕੇ ਗੁਰਗੱਦੀ ਦੀ ਜੁਗੋ ਜੁਗ ਅਟੱਲ ਪਦਵੀ ਪ੍ਰਦਾਨ ਕੀਤੀ। ਗੁਰਦੇਵ ਜੀ ਨੇ ਬਾਣੀ ਗੁਰੂ ਦਾ ਦਾਮਨ ਫੜਾ ਕੇ ਗੁਰੂਡੰਮ ਦੇ ਜਾਲ ਤੋਂ ਸੁਚੇਤ ਰਹਿਣ ਦਾ ਉਪਦੇਸ਼ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਮੁੱਚਾ ਪੰਥ ਏਕਤਾ ਦੇ ਧਾਗੇ ਵਿੱਚ ਪਰੋਇਆ ਰਹਿਆ ਤੇ ਇਸ ਨੇ ਔਕੜਾਂ ਮੁਸੀਬਤਾਂ ਵਿੱਚ ਵੀ ਆਪਣੇ ਆਦਰਸ਼ ਨੂੰ ਕਾਇਮ ਰੱਖਿਆ।

ਸੱਚਾ ਗੁਰੂ ਦੈਵੀ ਗੁਣਾਂ ਦਾ ਭੰਡਾਰ ਤੇ ਨਾਮ ਰਤਨਾਂ ਨਾਲ ਭਰਿਆ ਸਾਗਰ ਹੈ। ਇਸ ਵਿੱਚ ਅਗਿਆਨਤਾ ਦਾ ਹਨੇਰਾ ਦੂਰ ਕਰਨ ਤੇ ਸ਼ੰਕਾ ਨਿਵਾਰਨ ਦੀ ਪੂਰੀ ਸਮਰੱਥਾ ਹੈ। ਪਰ ਸਤਿਗੁਰੂ ਦੀ ਪਰਮ ਵਡਿਆਈ ਸੰਸਾਰਕ ਪਦਾਰਥਾਂ ਤੇ ਖੁਸ਼ੀਆਂ ਦੇਣ ਕਰਕੇ ਨਹੀਂ, ਨਾਮ ਦੀਆਂ ਦਾਤਾਂ ਵੰਡਣ ਕਰਕੇ ਹੈ। ਜਿਸ ਨੂੰ ਧੁਰ ਦਰਗਾਹੋਂ ਨਾਮ ਦੇਣ ਦੀ ਬਖਸ਼ਸ਼ ਨਹੀਂ, ਉਹ ਕੱਚਾ ਗੁਰੂ ਹੈ, ਕੁਝ ਬਣੇਗਾ ਨਹੀਂ, ਕੁਝ ਸਰੇਗਾ ਨਹੀਂ, ਉਹ ਅੰਨ੍ਹਾਂ ਗੁਰੂ ਹੈ ਤੇ ਮੁਰੀਦਾ ਨੂੰ ਉਜਾੜ ਵਿੱਚ ਕੁਮਾਰਗ ਪਾਵੇਗਾ। ਸੱਚਾ ਗੁਰੂ ਔਗੁਣ ਦੂਰ ਕਰਕੇ ਨਾਮ ਹਿਰਦੇ ਵਿੱਚ ਵਸਾਉਂਦਾ ਹੈ, ਨਾਮੀ ਨਾਲ ਮਿਲਾਉਂਦਾ ਹੈ।

*ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ।*
*ਗੁਰ ਤੇ ਨਾਮੁ ਪਾਈਐ ਵਡੀ ਵਡਿਆਈ॥੧॥*
*ਅੰਗ - ੪੨੪*

ਇਸ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਪੂਰਨ ਗੁਰੂ ਹੈ। ਇਹ ਉਹ ਗੁਰਸਰਵਰ ਹੈ ਜਿਹੜਾ ਹੀਰੇ ਮੋਤੀ, ਨਾਮ ਦੇ ਅਤੁੱਟ ਭੰਡਾਰਾਂ ਨਾਲ ਭਰਪੂਰ ਹੈ, ਜਿਥੇ ਗੁਰਮੁਖ, ਹੰਸ ਜਨਾਂ ਦੇ ਭੁੰਚਣ ਲਈ ਬੇਅੰਤ ਪਦਾਰਥ ਹਨ ਪਰ ਛਪੜੀਆਂ ਤੇ ਨਿਵਾਸ ਕਰਨ ਵਾਲੇ ਬਗਲਿਆਂ ਲਈ ਕੋਈ ਜਗ੍ਹਾ ਨਹੀਂ।

*ਗੁਰ ਸਰਵਰੁ ਮਾਨ ਸਰੋਵਰੁ ਹੈ*
*ਵਡਭਾਗੀ ਪੁਰਖ ਲਹੰਨ੍ਹਿ॥*
*ਸੇਵਕ ਗੁਰਮੁਖਿ ਖੋਜਿਆ*
*ਸੇ ਹੰਸੁਲੇ ਨਾਮੁ ਲਹੰਨਿ॥ ਅੰਗ - ੭੫੭*

ਗੁਰਮਤਿ ਨਾਮ ਅਮੁੱਲ ਪਦਾਰਥ, ਉਨ੍ਹਾਂ ਜੀਵਾਂ ਦੇ ਹੱਥ ਚੜ੍ਹਦਾ ਹੈ, ਜਿਹੜੇ ਗੁਰਬਾਣੀ ਰੂਪ-ਗੁਰਸਰਵਰ ਵਿੱਚ ਇਸ਼ਨਾਨ ਕਰਦੇ ਹਨ। ਸਤਿਗੁਰੂ ਦਾ ਫੁਰਮਾਨ ਹੈ -

*ਆਸਾ ਛੰਤੁ ਮਹਲਾ ੪ ਘਰੁ ੧॥*
*ਰਤਨਾ ਰਤਨ ਪਦਾਰਥ, ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥*
*ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥*
*ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਅੰਗ - ੪੪੨*

ਸਿੱਧਾਂ ਨੇ ਅਨੇਕ ਕਰਾਮਾਤਾਂ ਦਿਖਾਈਆ ਪਰ ਸਤਿਗੁਰ ਨਾਨਕ ਦੇਵ ਜੀ ਦੇ ਸ਼ਬਦ ਕਲਾ ਅੱਗੇ ਕੋਈ ਪੇਸ਼ ਨਾ ਗਈ। ਹਾਰ ਟੁੱਟ ਕੇ ਉਨ੍ਹਾਂ ਨੇ ਗੁਰਦੇਵ ਜੀ ਅੱਗੇ ਬੇਨਤੀ ਕੀਤੀ ਕਿ ਤੁਸੀਂ ਵੀ ਕੁਝ ਕਰਾਮਾਤ ਅਸਾਂ ਨੂੰ ਵਿਖਾਓ। ਗੁਰਦੇਵ ਜੀ ਨੇ ਫੁਰਮਾਇਆ -

*ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ॥*
*ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੨*

ਤਾਂ ਤੇ ਇਸ ਵਿੱਚ ਅੱਤਕਥਨੀ ਨਹੀਂ ਕਿ ਗੁਰਸਬਦ ਦੀ ਪੂਰਨ ਕਲਾ ਗੁਰਬਾਣੀ ਦੀ ਓਟ ਸਦਕੇ ਹੀ ਵਾਪਰਦੀ ਹੈ।

ਗੁਰਫੁਰਮਾਨ ਤੇ ਪੂਰਨ ਗੁਰਸਿੱਖਾਂ ਦੀ ਰਹਿਣੀ ਬਹਿਣੀ ਤੋਂ ਕੁਝ ਇਸ ਤਰ੍ਹਾਂ ਦੇ ਉਪਦੇਸ਼ ਤੱਕਦੇ ਹਾਂ -

੧. ਗੁਰਬਾਣੀ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਸਤਿਗੁਰੂ ਜੀ ਦਾ ਫੁਰਮਾਨ ਹੈ -

*ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਦੇ ਹਰਿ ਨਾਮੁ ਪਾਇਦਾ॥ ਅੰਗ - ੧੦੬੬*

ਜੇ ਸਾਡੇ ਮਨ ਵਿੱਚ ਨਾਮ ਨਹੀਂ ਵਸਦਾ ਤੇ ਜਤਨ ਕਰਦਿਆਂ ਵੀ ਸਫਲਤਾ ਨਹੀਂ ਮਿਲਦੀ ਤਾਂ ਸਾਡੇ ਉੱਦਮ ਦੀ ਘਾਟ ਹੋਵੇਗੀ ਜਾਂ ਗੁਰਬਾਣੀ ਨੂੰ ਸੰਜੀਦਗੀ ਨਾਲ ਕਮਾਉਣ

ਦੀ ਕਮੀ ਹੋਵੇਗੀ। ਨਾਮ ਦਾ ਨਿਵਾਸ ਉਸ ਗੁਰਸਿੱਖ ਦੇ ਹਿਰਦੇ ਵਿੱਚ ਹੁੰਦਾ ਹੈ ਜਿਹੜਾ ਗੁਰਬਾਣੀ ਨੂੰ ਮਨਹੁ ਜਾਣੈ ਤੇ ਹੁਕਮ ਦੀ ਪਾਲਣਾ ਕਰੇ।

*ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ਰਹਾਉ॥ ਅੰਗ - ੭੯੭*

੩. ਸੱਚੇ ਪਾਤਸ਼ਾਹ ਨੇ ਕਈ ਜੁਗਲ-ਗੁਣਾਂ ਦੇ ਗੱਫੇ ਬਖਸ਼ੇ ਹਨ। ਭਗਤੀ-ਸ਼ਕਤੀ, ਗਿਆਨ ਧਿਆਨ, ਗੁਰਮੰਤ੍ਰ, ਮੂਲ ਮੰਤਰ, ਭਉ-ਭਾਉ ਦਾ ਉਪਦੇਸ਼ ਇੱਕ ਬੇ-ਨਜ਼ੀਰ ਫੁਰਮਾਨ ਹੈ।

*ਰਾਗ ਸੂਹੀ ਮਹਲਾ ੪ - ਅਸਟਪਦੀਆਂ*
*ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥੮॥*
*ਹਰਿ ਹਰਿ ਨਾਮੁ ਰਤੰਨ ਹੈ ਗੁਰੁ ਤੁਠਾ ਦੇਵੈ ਮਾਇ॥*
*ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ॥*
*ਅੰਗ - ੭੫੯*

ਹਿਰਦੇ ਵਿੱਚ ਨਾਮ ਦ੍ਰਿੜ੍ਹ ਰੱਖਣਾ ਤੇ ਗੁਰਬਾਣੀ ਨਾਲ ਪਿਆਰ ਕਰਨਾ, ਇਹ ਦੋਨੋ ਇਕ ਦੂਜੇ ਦੇ ਸਹਾਇਕ ਹਨ।

੪. ਬਾਣੀ ਇਕ ਪਾਸੇ ਅਉਗਣਾਂ ਨੂੰ ਦੂਰ ਕਰਕੇ ਦੈਵੀ ਗੁਣ ਵਸਾਉਂਦੀ ਹੈ, ਦੂਜੇ ਪਾਸੇ ਨਾਮ ਦੀ ਮਹਿਮਾ ਪ੍ਰਗਟਾਉਂਦੀ ਤੇ ਦ੍ਰਿੜਾਉਂਦੀ ਹੈ। ਇਉਂ ਦੈਵੀ ਗੁਣਾਂ ਦੁਆਰਾ ਸਹਜੇ ਹੀ - ਨਾਮ ਦੀ ਪ੍ਰਪਾਤੀ ਹੁੰਦੀ ਹੈ। ਗੁਰਫੁਰਮਾਨ ਹੈ -

*ਆਸਾ ਮਹਲਾ ੩॥*
*... ਸਾਚੀ ਬਾਣੀ ਸੂਚਾ ਹੋਇ॥*
*ਗੁਣ ਤੇ ਨਾਮੁ ਪਰਾਪਤਿ ਹੋਇ॥ ਅੰਗ - ੩੬੧*

ਗੁਰਮੁਖ ਜਨਾ ਦੇ ਕਥਨ ਹਨ ਕਿ ਜਦ ਨਾਮ ਵਿਚ ਰਸ ਦੀ ਘਾਟ ਪ੍ਰਤੀਤ ਹੋਵੇ ਤਾਂ ਬਾਣੀ ਦਾ ਪਾਠ, ਵੀਚਾਰ, ਕੀਰਤਨ ਆਦਿ ਸਹਾਰਾ ਦਿੰਦੇ ਹਨ। ਸਤਿਗੁਰੂ ਜੀ ਦੇ ਆਪਣੇ ਬਚਨ ਬਹੁਤ ਸਪਸ਼ਟ ਹਨ।

*ਗੁਰਬਾਣੀ ਸੁਣਿ ਮੈਲੁ ਗਵਾਏ॥*
*ਸਹਜੇ ਹਰਿ ਨਾਮੁ ਮੰਨਿ ਵਸਾਏ॥੧॥ ਅੰਗ - ੬੬੫*

੫. ਨਾਮ ਦੀ ਪ੍ਰਾਪਤੀ ਤਾਂ ਸਚੇ ਗੁਰਦੇਵ ਜੀ ਦੀ ਹਜ਼ੂਰੀ ਵਿਚ ਹੁੰਦੀ ਹੈ ਪਰ ਜਿਸ ਬਦਕਿਸਮਤ ਨੇ ਗੁਰਬਾਣੀ ਦੀ ਓਟ ਵਿਸਾਰੀ, ਉਹ ਨਿਰਸੰਦੇਹ ਮਾਰਗ ਤੋਂ ਉੱਖੜ ਗਿਆ। ਜਿਸ ਨੇ ਕੁਝ ਕਮਾਇਆ ਸੀ, ਉਹ ਰਿੱਧੀ, ਸਿੱਧੀ, ਕਰਾਮਾਤ, ਦਿਖਾਵੇ, ਵਾਹ ਵਾਹ, ਝੂਠੀ ਉਸਤਤਿ, ਹਉਮੈ, ਵੱਖਰੀ ਹੋਂਦ, ਮੈਂ ਵੀ ਕੁੱਝ ਹਾਂ, ਦੀ ਦਲਦਲ ਵਿੱਚ ਫੱਸ ਕੇ ਗੁਆ ਬੈਠਾ। ਅਜਿਹਾ ਬੰਦਾ ਜੋ ਦਲਦਲ ਚੋਂ ਨਿਕਲਿਆ ਤਾਂ ਕੇਵਲ ਪਰਉਪਕਾਰੀ ਜੀਵ ਦੀ ਸਹਾਇਤਾ ਨਾਲ।

੬. ਗਿਆਨ ਤੇ ਧਿਆਨ ਗੁਰਸਿੱਖੀ ਦੇ ਵੱਡਮੁੱਲੇ ਅੰਗ ਹਨ। ਆਦਰਸ਼ਕ ਗੁਰਸਿਖ ਕੋਲ ਦੋਹਾਂ ਦਾ ਸੁਜੋੜ ਹੈ। ਇਉਂ ਸਮਝੀਏ ਕਿ ਗਿਆਨ ਦਾ ਜ਼ਿਆਦਾ ਸੰਬੰਧ ਗੁਰਬਾਣੀ ਨਾਲ ਅਤੇ ਧਿਆਨ ਦਾ ਨਾਮ ਨਾਲ ਹੈ। ਗਿਆਨ ਬਿਨਾਂ, ਬਿਬੇਕ ਬਿਨਾਂ, ਧਿਆਨ ਕੁਰਾਹੇ ਪਾ ਸਕਦਾ ਹੈ ਤੇ ਧਿਆਨ ਬਿਨਾਂ, ਧਿਆਨ ਜੀਵ ਨੂੰ ਕੇਵਲ ਫਿਲਾਸਫਰ ਤੇ ਉਪਦੇਸ਼ਕ ਬਣਾਉਂਦਾ ਹੈ। ਪੂਰਨ ਗੁਰਸਿੱਖ ਆਪ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ, ਆਪ ਬਚਦਾ ਤੇ ਹੋਰਨਾਂ ਨੂੰ ਬਚਾਉਂਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਪ੍ਰੇਮਾ ਭਗਤੀ, ਨਾਮ-ਅਭਿਆਸ ਦੁਆਰਾ ਦਸਮ ਦੁਆਰ ਵਿੱਚ ਸਹਜ ਅਵੱਸਥਾ, ਗੁਰਮਤਿ ਪੰਚ ਸ਼ਬਦ, ਅਕਾਲੀ ਜੋਤਿ ਦੇ ਦਰਸ਼ਨ, ਆਤਮਕ ਉਡਾਰੀਆਂ ਦੀਆਂ ਖੇਡਾਂ ਖੇਡੀਆਂ ਤੇ ਨਾਲ ਹੀ ਭੁੱਲੇ ਭੱਟਕੇ, ਅਣਜਾਣ ਅਗਿਆਨੀ ਉੱਖੜੇ ਤੇ ਅਧਬਾਟੇ ਚੁੱਕੇ ਹੋਏ ਤੇ ਪਤਿਤ ਹੋਏ ਜਗਿਆਸੂਆਂ ਨੂੰ ਗਿਆਨ ਦੇ ਚਾਨਣ ਦੁਆਰਾ ਗੁਰਮਤਿ ਗਾਡੀ ਰਾਹ ਤੇ ਲਿਆਂਦਾ, ਕਿਸੇ ਨੂੰ ਲਿਖਤ ਦੁਆਰਾ, ਕਿਸੇ ਨੂੰ ਬਿਬੇਕ ਬਚਨ ਦੁਆਰਾ, ਤੇ ਕਿਸੇ ਨੂੰ ਕੇਵਲ ਛੂਹ ਨਾਲ ਹੀ।

ਸਾਰਾਂਸ਼ ਕਿ ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦਾ ਆਤਮਕ ਸਰੂਪ ਹਨ। ਨਾਮ ਦ੍ਰਿੜਾਉਣ ਤੇ ਮੁਕਤੀ ਦਾ ਰਾਹ ਦਰਸਾਉਣ ਲਈ ਅਕਾਲ ਪੁਰਖ ਨੇ ਆਪਣੀ ਕਲਾ ਤੇ ਸ਼ਬਦ-ਗੁਰੂ ਦੀ ਮਹਿਮਾ ਆਪ ਟਿਕਾਈ ਹੈ (ਸਤਿਗੁਰੂ ਬਚਨ ਹੈ -

*ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥ ਅੰਗ - ੧੩●੯*

ਇਸ ਮਹਿਮਾ ਨੂੰ ਚੀਨਨ ਵਾਲੇ ਉਹ ਸੇਵਕ ਸ੍ਰੇਸ਼ਟ ਤੇ ਪਰਵਾਨ ਹਨ ਜਿਨ੍ਹਾਂ ਨੇ ਆਪਣੇ ਹਿਰਦਿਆਂ ਵਿਚ ਅਥਾਹ ਸ਼ਰਧਾ ਕਰਕੇ ਨਾਮੀ ਨੂੰ ਟਿਕਾਇਆ ਹੋਇਆ ਹੈ।

*ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ*
*ਮਨਿ ਸਰਧਾ ਕਰਿ ਹਰਿ ਧਾਰੇ ॥ ਅੰਗ - ੯੮੨*

ਐਸੇ ਸੇਵਕਾਂ ਦਾ ਨਿਸਤਾਰਾ ਪਰਤੱਖ ਹੁੰਦਾ ਹੈ, ਜ਼ਾਹਰਾ ਤੌਰ ਤੇ ਹੁੰਦਾ ਹੈ। ਉਨਾਂ ਦਾ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਗੁਰਬਾਣੀ ਅੰਦਰ ਸਗਲ ਪਦਾਰਥ ਹਨ, ਦੁਨਿਆਵੀ ਵੀ, ਰੂਹਾਨੀ ਵੀ। ਪਾਵਨ ਹੁਕਮ ਹੈ -

*... ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਭੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ॥ ਅੰਗ - ੯੮੨*

# ਪਾਉਂਟਾ ਸਾਹਿਬ ਦਾ ਸ਼ਹੀਦੀ ਸਾਕਾ

*[ਭਾਈ ਰਣਧੀਰ ਸਿੰਘ ਸੰਭਲ]*

ਇਹ ਇੱਕ ਇਤਿਹਾਸਕ ਸਚਿਆਈ ਹੈ ਕਿ ਸ਼ਹੀਦਾਂ ਦੀ ਮੌਤ, ਕੌਮਾਂ ਦਾ ਜੀਵਨ ਹੁੰਦੀ ਹੈ। ਜਿੱਥੇ ਸ਼ਹੀਦਾਂ ਦਾ ਖ਼ੂਨ ਦੇਸ਼ ਅਤੇ ਕੌਮ ਵਿੱਚ ਨਵਾਂ ਉਤਸ਼ਾਹ ਅਤੇ ਸਾਹਸ ਪੈਦਾ ਕਰਕੇ ਕੌਮਾਂ ਦੀ ਤਕਦੀਰ ਬਦਲ ਕੇ ਰੱਖ ਦਿੰਦਾ ਹੈ, ਉੱਥੇ ਧਰਮ ਨੂੰ ਘੋਰ ਪਾਪਾਂ, ਅਤਿਆਚਾਰ ਅਤੇ ਜ਼ੁਲਮ ਅਨਿਆਇ ਦੀ ਡੂੰਘੀ ਖੱਡ ਵਿਚੋਂ ਵੀ ਡੁੱਬਣ ਤੋਂ ਬਚਾਉ ਕਰਦਾ ਹੈ। ਸੰਸਾਰ ਉਤੇ ਉਹੋ ਹੀ ਕੌਮਾਂ ਜਿਓਂਦੀਆਂ ਜਾਗਦੀਆਂ ਰਹਿੰਦੀਆਂ ਹਨ, ਜਿਹੜੀਆਂ ਕਿ ਆਨ ਤੇ ਸ਼ਾਨ ਬਦਲੇ ਮਰਨਾ ਮਿਟਣਾ ਜਾਣਦੀਆਂ ਹੋਵਣ।

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿ ਕੇ ਜ਼ੁਲਮ ਤੇ ਜਬਰ ਵਿਰੁੱਧ, ਅਨਿਆਈ ਲੋਕਾਂ ਨਾਲ ਟੱਕਰ ਲੈਂਦੇ ਹੋਏ 'ਤੇਰਾ ਕੀਆ ਮੀਠਾ ਲਾਗੈ' ਦੇ ਪਵਿੱਤਰ ਮਹਾਂਵਾਕ ਅਨੁਸਾਰ ਆਪਣੇ ਆਪ ਨੂੰ ਅਨੇਕਾਂ ਤਸੀਹੇ ਸਹਾਰਨ ਕਰਦੇ ਹੋਏ ਕੁਰਬਾਨ ਕਰ ਦਿੱਤਾ। ਇਹ ਘਟਨਾ ੩੦ ਮਈ ੧੬੦੬ ਈ: ਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੁਖੀ ਲੋਕਾਈ ਤੇ ਪੰਡਤਾਂ ਦੀ ਪੁਕਾਰ ਸੁਣ ਕੇ 'ਧਰ ਪਈਏ ਧਰਮ ਨਾ ਛੋਡੀਐ' ਅਨੁਸਾਰ, ਚਾਂਦਨੀ ਚੌਕ ਦਿੱਲੀ ਵਿੱਚ ੧੧ ਨਵੰਬਰ ੧੬੭੫ ਈ: ਨੂੰ ਸ਼ਹਾਦਤ ਦੀ ਬੇਮਿਸਾਲ ਪ੍ਰਥਾ ਕਾਇਮ ਕੀਤੀ। ਮੁਗਲ ਰਾਜ ਦੀਆਂ ਨੀਹਾਂ ਜੜ੍ਹਾਂ ਤੋਂ ਹਿਲਣੀਆਂ ਸ਼ੁਰੂ ਹੋ ਗਈਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਵੈਸਾਖੀ ਦੇ ਦਿਨ ੧੬੯੯ ਈ: ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਖਾਲਸੇ ਦੀ ਸਿਰਜਨਾ ਕੀਤੀ। ਸਿੰਘਾਂ ਨੂੰ ਸ਼ਹੀਦੀ ਜਾਮ ਪਿਲਾ ਕੇ, ਮੁਗਲ ਰਾਜ ਦੀਆ ਨੀਂਹਾਂ ਮੁੱਢ ਤੋਂ ਹੀ ਉਖੇੜ ਕੇ ਰੱਖ ਦਿੱਤੀਆਂ। ਇਹ ਸਤਿਗੁਰੂ ਸਹਿਨਸ਼ਾਹ ਜੀ ਦਾ ਇੱਕ ਬੇਮਿਸਾਲ ਅਦੁੱਤੀ ਕਾਰਨਾਮਾ ਸੀ।

ਸੰਨ ੧੭੦੮ ਈ: ਤੋਂ ਸ਼ਹੀਦ ਸਿੰਘਾਂ ਦੀ ਇੱਕ ਬਹੁਤ ਲੰਮੀ ਦਾਸਤਾਨ ਸ਼ੁਰੂ ਹੋ ਜਾਂਦੀ ਹੈ ਜਿਸ ਵਿੱਚ ਕਈ ਹਜ਼ਾਰ ਸਿੰਘਾਂ ਸਿੰਘਣੀਆਂ ਨੇ ਧਰਮ ਦੀ ਖਾਤਰ ਆਪਾ ਵਾਰਿਆ। ਗੁਰਦੁਆਰਿਆਂ ਦੀ ਮਾਨ ਮਰਿਆਦਾ ਨੂੰ ਕਾਇਮ ਰੱਖਣ ਲਈ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਭਾਈ ਮਨੀ ਸਿੰਘ ਜੀ ਵਰਗੇ ਅਨੇਕਾਂ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੇ ਧਾਰਮਿਕ ਅਸਥਾਨਾਂ ਦੇ ਨਾਮ ਕਾਫ਼ੀ ਵੱਡੀਆਂ ਵੱਡੀਆਂ ਜਾਇਦਾਦਾਂ ਲਾਈਆਂ ਗਈਆਂ ਸਨ। ਜਿਨ੍ਹਾਂ ਉਪਰ ਸ਼ਹੀਦੀ ਦੌਰ ਚੱਲਣ ਕਰਕੇ ਗੁਰੂ ਕੇ ਸਿੰਘ ਸੇਵਾ ਸੰਭਾਲ ਨਾ ਕਰ ਸਕੇ ਅਤੇ ਉਦਾਸੀ ਸੰਤ ਮਹਾਤਮਾ ਕਾਬਜ ਰਹੇ। ਇਨ੍ਹਾਂ ਵਿਚੋਂ ਇਕ ਇਤਿਹਾਸਕ ਗੁਰਦੁਆਰਾ ਹਿਮਾਚਲ ਵਿੱਚ ਸ੍ਰੀ ਪਾਉਂਟਾ ਸਾਹਿਬ ਜੀ ਸੀ, ਜਿਸ ਦੇ ਨਾਮ ਸੈਂਕੜੇ ਘੁਮਾ ਜ਼ਮੀਨ ਲਾਈ ਗਈ ਸੀ। ਇਸ ਅਸਥਾਨ ( ਸ੍ਰੀ ਪਾਉਂਟਾ ਸਾਹਿਬ ਜੀ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਨਾਹਨ ਦੇ ਧਰਮੀ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਪ੍ਰਵਾਨ ਕਰਕੇ ੧੫ ਨਵੰਬਰ ੧੬੮੫ ਈ: ਦਿਨ ਐਤਵਾਰ ਮੱਘਰ ਮਹੀਨੇ ਸੰਗਰਾਂਦ ਦੇ ਦਿਹਾੜੇ ਆਪਣੇ ਕਰ ਕਮਲਾਂ ਦੁਆਰਾ ਨੀਂਹ ਪੱਥਰ ਰੱਖ ਕੇ ਜਮਨਾ ਦੇ ਕਿਨਾਰੇ ਵਸਾਇਆ ਸੀ।

ਮਹਾਨ ਕੋਸ਼ ਦੀ ਉਗਾਹੀ ਅਨੁਸਾਰ ਇਹ ਨਗਰ, ਮਿਸਤ੍ਰੀ ਤੇ ਗੁਰੂ ਕੇ ਸਿੱਖਾਂ ਨੇ ੧੨ ਦਿਨਾਂ ਵਿੱਚ ਤਿਆਰ ਕੀਤਾ।

*ਪਾਵ ਟਿਕਯੋ ਸਤਿਗੁਰੂ ਕੋ ਅਨੰਦਪੁਰ ਤੇ ਆਇ॥*
*ਨਾਮ ਧਰਯੋ ਇਸ ਪਾਂਵਟਾ ਸਭ ਦੇਸਨ ਪ੍ਰਗਟਾਇ॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿਮਾਚਲ ਪ੍ਰਦੇਸ ਵਿਚ ਇਹ ਇਕ ਧਰਮ ਪ੍ਰਚਾਰ ਦਾ ਮਹਾਨ ਕੇਂਦਰੀ ਇਤਿਹਾਸਕ

ਅਸਥਾਨ ਸਥਾਪਿਤ ਕੀਤਾ। ਭੰਗਾਣੀ ਦਾ ਯੁਧ ਵੀ ਬਾਰਾਂ ਦਿਨਾਂ ਵਿਚ ਇਸ ਅਸਥਾਨ ਤੇ ਰਹਿ ਕੇ ਫਤਹਿ ਕੀਤਾ। ਆਪ ਜੀ ਦੇ ਵੱਡੇ ਸਾਹਿਬਜਾਦਾ ਅਜੀਤ ਸਿੰਘ ਦਾ ਜਨਮ ਵੀ ੧੨ ਅਪ੍ਰੈਲ ੧੬੮੬ ਈ: ਨੂੰ ਇਥੇ ਹੀ ਹੋਇਆ। ਕਵੀ ਦਰਬਾਰ, ਦਸਤਾਰ ਦਰਬਾਰ ਆਦਿ ਪ੍ਰਥਾ ਵੀ ਇਸ ਅਸਥਾਨ ਤੋਂ ਹੀ ਆਰੰਭ ਕੀਤੀ ਗਈ।

ਸਤਿਗੁਰੂ ਜੀ ਨੇ ੧੫ ਜਨਵਰੀ ੧੬੮੦ ਈ: ਨੂੰ ਇਸ ਪਾਵਨ ਇਤਿਹਾਸਕ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਸੰਭਾਲ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਵਾਪਸੀ ਸਮੇਂ ਭਾਈ ਬਿਸ਼ਨ ਸਿੰਘ ਜੀ ਨੂੰ ਸੰਭਾਲਣਾ ਕੀਤੀ, ਇਹਨਾਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਨ੍ਹਾਂ ਦੀ ਸੰਤਾਨ ਹੀ ਸੇਵਾ-ਸੰਭਾਲ ਕਰਦੀ ਰਹੀ। ਇਤਿਹਾਸਕਾਰਾਂ ਦੇ ਕਥਨ ਅਨੁਸਾਰ ਤਿੰਨ ਪੀੜ੍ਹੀਆਂ ਤੱਕ ਇਨ੍ਹਾਂ ਦੇ ਪਰਿਵਾਰ ਨੇ ਸੇਵਾ ਕੀਤੀ। ਇਨ੍ਹਾਂ ਤੋਂ ਬਾਅਦ ਫਿਰ ਪੁਜਾਰੀ ਹੀ ਮਹੰਤ ਬਣ ਕੇ ਸੇਵਾ ਸੰਭਾਲ ਕਰਦੇ ਰਹੇ।

੧੯੨੦ ਈ: ਤੋਂ ਗੁਰੂ ਕੇ ਸਿੰਘਾਂ ਨੇ ਇਨ੍ਹਾਂ ਮਹੰਤਾਂ ਵਲੋਂ ਕੀਤੀਆਂ ਜਾ ਰਹੀਆਂ ਘੋਰ ਬੇਅਦਬੀਆਂ ਨਾ ਸਹਾਰਦੇ ਹੋਏ, ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਗੰਗ ਸਰ, ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਬੇਰ ਸਾਹਿਬ ਆਦਿ ਇਤਿਹਾਸਕ ਗੁਰਦੁਆਰੇ ਗੁਰਦੁਆਰਾ ਸੁਧਾਰ ਸਭਾ ਤੋਂ ਪੰਥ ਨੇ ਸ਼ਹਾਦਤਾਂ ਦੇ ਕੇ ਮਹੰਤਾਂ ਤੋਂ ਅਜ਼ਾਦ ਕਰਵਾ ਲਏ ਪਰ ਇਤਿਹਾਸਕ ਅਸਥਾਨ ਸ੍ਰੀ ਪਾਉਂਟਾ ਸਾਹਿਬ ਜੀ ਵੱਲ ਕਿਸੇ ਪੰਥਕ ਹਿਤੈਸ਼ੀ ਦਾ ਧਿਆਨ ਨਾ ਗਿਆ।

ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ, ੧੯੧੯ ਈ: ਨੂੰ ਜਲ੍ਹਿਆਂ ਵਾਲੇ ਸ਼ਹੀਦੀ ਬਾਗ ਦੇ ਸਾਕੇ ਸਮੇਂ ਮਹੰਤ ਲਹਿਣਾ ਸਿੰਘ ਸੇਵਾ ਕਰਦਾ ਸੀ। ਇਹ ਵੀ ਖੂਨੀ ਸਾਕੇ ਵਿਚ ਸ਼ਾਮਲ ਸੀ ਪਰ ਸ਼ਹੀਦ ਹੋਣ ਤੋਂ ਬਚ ਗਿਆ ਜਿਸ ਕਰਕੇ ਪੰਥ ਵਿਚ ਇਸ ਦਾ ਕਾਫ਼ੀ ਜ਼ਿਆਦਾ ਸਤਿਕਾਰ ਸੀ। ਇਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਮਹੰਤੀ ਦੀ ਸੇਵਾ ਗੁਰਦਿਆਲ ਸਿੰਘ ਨੇ ਸੰਭਾਲੀ ਜੋ ਕਿ ਆਪਣੇ ਆਪ ਨੂੰ ਬਹੁਤ ਚੁਸਤ ਤੇ ਚਲਾਕ ਸਮਝਦਾ ਸੀ। ਇਸ ਦੀਆਂ ਘਿਨੌਣੀਆਂ ਤੇ ਕੋਝੀਆਂ ਹਰਕਤਾਂ ਤੋਂ, ਇਲਾਕਾ ਨਿਵਾਸੀ ਗੁਰੂ ਕੇ ਸਿੰਘ ਕਾਫ਼ੀ ਜਾਣੂ ਸਨ। ਜਥੇਦਾਰ ਬਾਬਾ ਚੇਤ ਸਿੰਘ ਜੀ ਬੁਢਾ ਦਲ ਅਤੇ ਪੰਥ ਦੇ ਲੀਡਰ ਮਾਸਟਰ ਤਾਰਾ ਸਿੰਘ ਜੀ ਵੀ ਜਦੋਂ ਦਰਸ਼ਨਾਂ ਵਾਸਤੇ ਪੁੱਜੇ ਤਾਂ ਇਨ੍ਹਾਂ ਨੂੰ ਬੜੀ ਹੁਸ਼ਿਆਰੀ ਨਾਲ ਮਿਲਿਆ। ਸੰਨ ੧੯੪੯ ਈ: ਨੂੰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਪਹਿਲਾ ਧਾਰਮਿਕ ਕੈਂਪ ਇਥੇ ਲੱਗਿਆ। ਉਸ ਸਮੇਂ ਇਸ ਦੀਆਂ ਮਨਮੱਤੀਆਂ ਤੇ ਕੋਝੀਆਂ ਹਰਕਤਾਂ ਇਨ੍ਹਾਂ ਦੇ ਸਾਹਮਣੇ ਆ ਗਈਆ।

ਸ੍ਰੀ ਪਾਉਂਟਾ ਸਾਹਿਬ ਜੀ ਦੇ ਆਸ ਪਾਸ ਵਸਦੇ ਗੁਰੂ ਕੇ ਸਿੰਘਾ ਨੇ ਵੀ ਮਹੰਤ ਦੇ ਕਾਰਨਾਮਿਆਂ ਨੂੰ ਬਹੁਤ ਹੀ ਨਜਦੀਕ ਹੋ ਕੇ ਦੇਖਿਆ, ਇਨ੍ਹਾਂ ਸਿੰਘਾਂ ਨੇ ਮਿਲ ਕੇ ਜਿਲਾ ਹੁਸ਼ਿਆਰਪੁਰ ਦੇ ਕੇਂਦਰੀ ਇਤਿਹਾਸਕ ਗੁਰਦੁਆਰਾ ਹਰੀਆਂ ਵੇਲਾਂ ਵਿਖੇ ਪੁੱਜ ਕੇ ਸੰਗਤ ਰੂਪ ਵਿਚ ਉਸ ਸਮੇ ਦੇ ਮੁੱਖੀ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਪਾਸ ਬੇਨਤੀ ਕੀਤੀ। ਬਾਬਾ ਜੀ ਸੰਗਤ ਦੀ ਬੇਨਤੀ ਪਰਵਾਨ ਕਰਕੇ ਪਹਿਲਾਂ ੧੫ ਮਾਰਚ ੧੯੫੧, ਫਿਰ ੧੫ ਅਕਤੂਬਰ ੧੯੫੫ ਈ: ਨੂੰ ਦਲ ਸਮੇਤ ਪੁੱਜੇ। ਮਹੰਤ ਨੇ ਮਾਫੀ ਮੰਗ ਕੇ ਅੰਮ੍ਰਿਤ ਛਕ ਲਿਆ ਪਰ ਕੁਝ ਸਮੇਂ ਬਾਅਦ ਪਹਿਲੀ ਚਾਲ ਤੇ ਹੀ ਚਲਣਾ ਅਰੰਭ ਕਰ ਦਿੱਤਾ।

੧੦ ਮਾਰਚ ੧੯੬੪ ਈ: ਨੂੰ ਆਪਣੇ ਦਲ ਸਮੇਤ ਬਾਬਾ ਹਰਭਜਨ ਸਿੰਘ ਜੀ ਫਿਰ ਤੀਜੀ ਵੇਰ ਸ੍ਰੀ ਪਾਉਂਟਾ ਸਾਹਿਬ ਜੀ ਵਿਖੇ ਪੁੱਜੇ। ਇਸ ਨਿਹੰਗ ਸਿੰਘਾਂ ਦੇ ਦਲ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਸ੍ਰੀ ਪਾਉਂਟਾ ਸਾਹਿਬ ਜੀ ਤੱਕ ਪਹੁੰਚਣ ਲਈ ਬਹੁਤ ਸਾਰੀਆਂ ਕਠਿਨਾਈਆਂ ਤੇ ਰੁਕਾਵਟਾਂ ਆਈਆਂ ਪਰ ਇਹ ਨਿਹੰਗ ਸਿੰਘਾਂ ਦਾ ਦਲ ਸ੍ਰੀ ਪਾਉਂਟਾ ਸਾਹਿਬ ਵਿਖੇ ਪਹੁੰਚਣ ਵਿਚ ਸਫਲ ਹੋ ਗਿਆ। ਮਹੰਤ ਨੇ ਪੰਥ ਅਕਾਲੀ ਤਰਣਾਦਲ ਨਿਹੰਗ ਸਿੰਘਾਂ ਹਰੀਆਂ ਵੇਲਾਂ ਦੀ ਆਮਦ ਸੁਣ ਕੇ, ਸਾਰੇ ਪ੍ਰਬੰਧ ਸਰਕਾਰ ਨਾਲ ਮਿਲ ਕੇ ਕਰ ਰਖੇ ਸਨ। ਬਹੁਤ ਸਾਰੇ ਬਦਮਾਸ਼ ਜਿਨ੍ਹਾਂ ਦੀ ਗਿਣਤੀ ੮੦ ਕੁ ਦੱਸੀ ਜਾਂਦੀ ਹੈ, ਵੀ ਮਾਇਆ ਲਾਲਚ ਦੇ ਕੇ ਇਕੱਠੇ ਕਰ ਲਏ। ਪੁਲਿਸ ਦਾ ਗੁਰਦੁਆਰੇ ਦੇ ਚਾਰ ਚੁਫੇਰੇ ਘੇਰਾ ਸੀ। ਗੁਰੂ ਕੇ ਸਿੰਘਾਂ ਨੇ ਰਸਤਾਂ ਵਸਤਾਂ ਬਾਹਰੋਂ ਲਿਆ ਕੇ ਲੰਗਰ ਲਾ ਦਿੱਤੇ। ਸਵੇਰ ਸ਼ਾਮ ਦੀਵਾਨ ਲੱਗਣੇ ਆਰੰਭ ਹੋ ਗਏ। ਇਸ ਦੌਰਾਨ ਮਹੰਤ ਦੇ ਬੰਦਿਆਂ ਨੇ ਕੁਝ ਹੱਥੋਂਪਾਈ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਬਾਬਾ ਜੀ ਦੇ ਹੁਕਮ ਅਨੁਸਾਰ ਸਿੰਘ ਸ਼ਾਤਮਈ ਹੀ ਰਹੇ। ਜਥੇਦਾਰ ਬਾਬਾ ਹਰਭਜਨ ਸਿੰਘ ਜੀ ਦੀ ਆਗਿਆ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਲੜੀਵਾਰ ੧੦੧ ਸ੍ਰੀ ਅਖੰਡ ਪਾਠ ਆਰੰਭ ਕਰ ਦਿੱਤੇ ਗਏ। ਬਾਬਾ ਜੀ ਨੇ ਸਾਰੇ ਸਿੰਘਾਂ ਦੇ ਪਹਿਰੇ ਲਾ ਦਿੱਤੇ। ਉਸ ਸਮੇਂ ਮੌਜੂਦਾ ਮੁੱਖੀ ਜਥੇਦਾਰ ਸੰਤ ਨਿਹਾਲ ਸਿੰਘ ਜੀ ਵੀ ਨਾਲ ਹੀ ਸਨ।

ਸਾਕਾ ਹੋਣ ਤੋਂ ਪਹਿਲਾਂ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਨੂੰ ਰੈਸਟ ਹਾਊਸ ਵਿਚ ਗ੍ਰਿਫਤਾਰ ਕਰ ਲਿਆ।

***(ਬਾਕੀ ਪੰਨਾ 20 'ਤੇ)***

# ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਕਈ ਚੁਗਲ ਪੰਥੀ ਅਤੇ ਸੁਖ ਰਹਿਣੀ ਰਹਿਤ ਦੇ ਸੁਗਮਤਾ ਸਹੇੜੂ ਤੇ ਬਿਬੇਕ ਧਾਰਨਾ ਦੇ ਡਰੂ ਬਹਾਨਾ-ਬਾਜ਼ ਸਿੱਖ, 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਵਾਲੇ ਸ੍ਰੀ ਦਸਮੇਸ਼ ਵਾਕ ਦੇ ਨਿਜ ਮਤਲਬੀ ਮਨਘੜਤ ਅਤੇ ਉਲਟੇ ਅਰਥ ਲਾਉਣ ਲੱਗ ਪੈਂਦੇ ਹਨ ਅਤੇ ਆਪੋ ਹੀ ਬ੍ਰਹਮ-ਬੇਤਾ ਉਚ ਗਿਆਨੀ ਬਣਿ ਬਣਿ ਬਹਿੰਦੇ ਹਨ ਅਤੇ ਕਹਿੰਦੇ ਹਨ ਕਿ ਹਿੰਦੂ ਤੁਰਕ ਆਦਿਕ ਦਾ ਭੇਦ ਮਿਥਿਆ ਹੈ, ਸਿੱਖਾਂ ਨਾਲੋਂ ਇਹਨਾਂ ਦਾ ਕੋਈ ਵਿਤਕਰਾ ਨਹੀਂ। ਸਭ ਬਣੇ ਬਣਾਤੇ ਸਿਖ ਹਨ, ਉਹਨਾਂ ਨੂੰ ਸਿਖੀ ਮੰਡਲ ਵਿਚ ਲਿਆਉਣ ਦੀ ਕੋਈ ਲੋੜ ਨਹੀਂ। ਉਹਨਾਂ ਨਾਲ ਖੁਲ੍ਹਮ-ਖੁੱਲ੍ਹਾ ਖਾਓ ਪੀਓ। ਮਾਨਸ ਕੀ ਜਾਤ ਸਭ ਇਕੋ ਜੁ ਹੋਈ। ਹਿੰਦੂ ਤੁਰਕ ਸਭੇ ਉਸ ਦੇ ਦਰ ਤੇ ਪਰਵਾਨ ਹਨ। ਭਾਵੇਂ ਸਿੱਖ ਬਣਨ ਭਾਵੇਂ ਨ ਬਣਨ, ਸਭੇ ਮਤ ਧਰਮ ਅਤੇ ਅਨਿਕ ਧਰਮ ਗ੍ਰਹਿਣਹਾਰੇ ਇਕ-ਸਾਰ ਸ੍ਰੇਸ਼ਟ ਹਨ। ਚਾਹੇ ਕੋਈ ਕਿਸੇ ਧਰਮ ਵਿਚ ਹੋਵੇ। ਪ੍ਰੰਤ ਦੇਖੋ ਇਸ ਪ੍ਰਥਾਇ ਸ੍ਰੀ ਦਸਮੇਸ਼ ਜੀ ਸ੍ਰੀ ਅਕਾਲ ਉਸਤਤਿ ਵਿਖੇ ਇੰਞ ਫੁਰਮਾਉਂਦੇ ਹਨ-

*ਕਈ ਬ੍ਰਹਮ ਬੇਦ ਰਟੰਤ॥*
*ਕਈ ਸੁਖ ਨਾਮ ਉਚਰੰਤ॥*
*ਬੈਰਾਗ ਕਹੂੰ ਸੰਨਿਆਸ॥*
*ਕਹੂੰ ਫਿਰਤ ਰੂਪ ਉਦਾਸ॥੧੯॥੪੯॥*
*ਸਭ ਕਰਮ ਫੋਕਟ ਜਾਨ॥*
*ਸਭ ਧਰਮ ਨਿਹਫਲ ਮਾਨ॥*
*ਬਿਨ ਏਕ ਨਾਮ ਅਧਾਰ॥*
*ਸਭ ਕਰਮ ਭਰਮ ਬਿਚਾਰ॥੨੦॥੫੦॥*
*ਪੁਨਾ-ਕਈ ਜਪਤ ਜੋਗ ਕਲਪੰ ਪ੍ਰਜੰਤ॥*
*ਨਹੀ ਤਦਪਿ ਤਾਸ ਪਾਯਤ ਨ ਅੰਤੁ॥*
*ਕਈ ਕਰਤ ਕੋਟ ਬਿੱਦਿਆ ਬਿਚਾਰ॥*
*ਨਹੀ ਤਦਪਿ ਦਿਸਟਿ ਦੇਖੈ ਮੁਰਾਰ॥੧੯॥੧੩੯॥*
*ਬਿਨੁ ਭਗਤਿ ਸਕਤਿ ਨਹੀ ਪਰਤ ਪਾਨ॥*
*ਬਹੁ ਕਰਤ ਹੋਮ ਅਰ ਜੱਗ ਦਾਨ॥*
*ਬਿਨ ਏਕ ਨਾਮ ਇਕ ਚਿੱਤ ਲੀਨ॥*
*ਫੋਕਟੋ ਸਰਬ ਧਰਮਾ ਬਿਹੀਨ॥੨੦॥੧੪੦॥*
*ਪੁਨਾ-ਜਿਹ ਬੇਦ ਪੁਰਾਨ ਕਤੇਬ ਜਪੈ॥*
*ਸੁਤ ਸਿੰਧ ਅਧੋ ਮੁਖ ਤਾਪ ਤਪੈ॥*
*ਕਈ ਕਲਪਨ ਲੌ ਤਪ ਤਾਪ ਕਰੈ॥*
*ਨਹੀ ਨੈਕ ਕ੍ਰਿਪਾਨਿਧਿ ਪਾਨ ਪਰੈ॥੧੮॥੧੫੮॥*
*ਜਿਹ ਫੋਕਟ ਧਰਮ ਸਬੈ ਤਜਿ ਹੈ॥*
*ਇਕ ਚਿੱਤ ਕ੍ਰਿਪਾਨਿਧ ਕੋ ਜਪ ਹੈ॥*
*ਤੇਊ ਯਾ ਭਵਸਾਗਰ ਕੋ ਤਰ ਹੈ॥*
*ਭਵ ਭੂਲ ਨ ਦੇਹ ਪੁਨਰ ਧਰ ਹੈ॥੧੯॥੧੫੯॥*

ਇਸ ਪ੍ਰਕਰਣ ਪ੍ਰਥਾਇ ਅਧਕ ਸੰਦੇਹ ਨਵਿਰਤ ਕਰਨ ਲਈ ਜ਼ਰੂਰੀ ਹੈ ਕਿ ਏਥੇ ਸ੍ਰੀ ਬਚਿਤ੍ਰ ਨਾਟਕ ਅਧਿਆਇ ੬ ਵਿਚੋਂ ਸ੍ਰੀ ਦਸਮੇਸ਼ ਜੀ ਦੇ ਤਰਦੇ ਤੁਰਦੇ ਸ੍ਰੀ ਮੁਖ ਵਾਕਾਂ ਦਾ ਵਿਸਥਾਰ ਪੂਰਬਕ ਉਤਾਰਾ ਕੀਤਾ ਜਾਵੇ। ਯਥਾ -

*ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥*
*ਚੌਪਈ-ਜਬ ਪਹਿਲੇ ਹਮ ਸ੍ਰਿਸਟਿ ਬਨਾਈ॥*
*ਦਈਤ ਰਚੇ ਦੁਸਟ ਦੁਖਦਾਈ॥*
*ਤੇ ਭੁਜ ਬਲ ਬਵਰੇ ਹੈ ਗਏ॥*
*ਪੂਜਤ ਪਰਮ ਪੁਰਖ ਰਹਿ ਗਏ॥੬॥*
*ਤੇ ਹਮ ਤਮਕਿ ਤਨਕ ਮੋ ਖਾਪੇ॥*
*ਤਿਨ ਕੀ ਠਉਰ ਦੇਵਤਾ ਥਾਪੇ॥*
*ਤੇ ਭੀ ਬਲ ਪੂਜਾ ਉਰਝਾਏ॥*
*ਆਪਨ ਹੀ ਪਰਮੇਸਰ ਕਹਾਏ॥੭॥*
*ਮਹਾਦੇਵ ਅੱਚੁਤ ਕਹਾਯੋ॥*
*ਬਿਸਨ ਆਪ ਹੀ ਕੋ ਠਹਿਰਾਯੋ॥*
*ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥*
*ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ॥੮॥*
*ਤਬ ਸਾਖੀ ਪ੍ਰਭ ਅਸਟ ਬਨਾਏ॥*
*ਸਾਖ ਨਮਿਤ ਦੇਬੇ ਠਹਿਰਾਏ॥*
*ਤੇ ਕਹੈ ਕਰੋ ਹਮਾਰੀ ਪੂਜਾ॥*

ਹਮ ਬਿਨੁ ਅਵਰੁ ਨ ਠਾਕੁਰੁ ਦੂਜਾ॥੯॥
ਪਰਮ ਤੱਤ ਕੋ ਜਿਨ ਨ ਪਛਾਨਾ॥
ਤਿਨ ਕਰਿ ਈਸਰ ਤਿਨ ਕਹੁ ਮਾਨਾ॥
ਕੇਤੇ ਸੂਰ ਚੰਦ ਕਹੁ ਮਾਨੈ॥
ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ॥੧੦॥
ਕਿਨਹੂੰ ਪ੍ਰਭੁ ਪਾਹਨ ਪਹਿਚਾਨਾ॥
ਨ੍ਹਾਤ ਕਿਤੇ ਜਲ ਕਰਤ ਬਿਧਾਨਾ॥
ਕੇਤਕ ਕਰਮ ਕਰਤ ਡਰਪਾਨਾ॥
ਧਰਮਰਾਜ ਕੋ ਧਰਮ ਪਛਾਨਾ॥੧੧॥
ਜੇ ਪ੍ਰਭ ਸਾਖ ਨਮਿਤ ਠਹਰਾਏ॥
ਤੇ ਹਿਆਂ ਆਇ ਪ੍ਰਭੂ ਕਹਵਾਏ॥
ਤਾ ਕੀ ਬਾਤ ਬਿਸਰ ਜਾਤੀ ਭੀ॥
ਅਪਨੀ ਅਪਨੀ ਪਰਤ ਸੋਭ ਭੀ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ॥
ਤਬ ਹਰਿ ਇਨ ਮਨੁਛਨ ਠਹਿਰਾਨਾ॥
ਤੇ ਭੀ ਬਸਿ ਮਮਤਾ ਹੁਇ ਗਏ॥
ਪਰਮੇਸਰ ਪਾਹਨ ਠਹਰਏ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ॥
ਤਿਨ ਭੀ ਪਰਮ ਪੁਰਖ ਨਹੀ ਪਾਏ॥
ਜੋ ਕੋਈ ਹੋਤ ਭਯੋ ਜਗਿ ਸਿਆਨਾ॥
ਤਿਨ ਤਿਨ ਅਪਨੋ ਪੰਥੁ ਚਲਾਨਾ॥੧੪॥
ਪਰਮ ਪੁਰਖ ਕਿਨਹੂੰ ਨਹ ਪਾਯੋ॥
ਬੈਰ ਬਾਦ ਅਹੰਕਾਰ ਬਢਾਯੋ॥
ਪੇਡ ਪਾਤ ਆਪਨ ਤੇ ਜਲੈ॥
ਪ੍ਰਭ ਕੈ ਪੰਥ ਨ ਕੋਊ ਚਲੈ॥੧੫॥
ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ॥
ਤਿਨ ਤਿਨ ਅਪਨਾ ਰਾਹੁ ਚਲਾਯੋ॥
ਪਰਮੇਸਰ ਨ ਕਿਨਹੂੰ ਪਹਿਚਾਨਾ॥
ਮਮ ਉਚਾਰ ਤੇ ਭਯੋ ਦਿਵਾਨਾ॥੧੬॥
ਪਰਮ ਤੱਤ ਕਿਨਹੂੰ ਨ ਪਛਾਨਾ॥
ਆਪ ਆਪ ਭੀਤਰਿ ਉਰਝਾਨਾ॥
ਤਬ ਜੇ ਜੇ ਰਿਖਰਾਜ ਬਨਾਏ॥
ਤਿਨ ਆਪਨ ਪੁਨ ਸਿੰਮ੍ਰਿਤਿ ਚਲਾਏ॥੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥
ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ॥
ਜਿਨ ਮਨ ਹਰਿ ਚਰਨਨ ਠਹਰਾਯੋ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥੧੮॥
ਬ੍ਰਹਮਾ ਚਾਰ ਹੀ ਬੇਦ ਬਨਾਏ॥
ਸਰਬ ਲੋਕ ਤਿਹ ਕਰਮ ਚਲਾਏ॥
ਜਿਨ ਕੀ ਲਿਵ ਹਰਿ ਚਰਨਨ ਲਾਗੀ॥
ਤੇ ਬੇਦਨ ਤੇ ਭਏ ਤਿਆਗੀ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ॥
ਪਾਰਬ੍ਰਹਮ ਕੇ ਭਏ ਅਨੁਰਾਗੀ॥
ਤਿਨ ਕੇ ਗੂੜ੍ਹ ਮੱਤ ਜੇ ਚਲਹੀ॥
ਭਾਂਤਿ ਅਨੇਕ ਦੁਖਨ ਸੋ ਦਲਹੀ॥੨੦॥...

ਤਬ ਹਰਿ ਬਹੁਰ ਦੱਤ ਉਪਜਾਇਓ॥
ਤਿਨ ਭੀ ਅਪਨਾ ਪੰਥੁ ਚਲਾਇਓ॥
ਕਰ ਮੋ ਨਖ ਸਿਰ ਜਟਾ ਸਵਾਰੀ॥
ਪ੍ਰਭ ਕੀ ਕ੍ਰਿਆ ਕਛੂ ਨ ਬਿਚਾਰੀ॥੨੩॥
ਪੁਨਿ ਹਰਿ ਗੋਰਖੁ ਕੋ ਉਪਰਾਜਾ॥
ਸਿੱਖ ਕਰੇ ਤਿਨਹੂੰ ਬਡ ਰਾਜਾ॥
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ॥
ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ॥੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ॥
ਭੇਸ ਬੈਰਾਗੀ ਕੋ ਜਿਨ ਧਰਾ॥
ਕੰਠੀ ਕੰਠਿ ਕਾਠ ਕੀ ਡਾਰੀ॥
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥੨੫॥
ਜੇ ਪ੍ਰਭੁ ਪਰਮ ਪੁਰਖ ਉਪਜਾਏ॥
ਤਿਨ ਤਿਨ ਅਪਨੇ ਰਾਹ ਚਲਾਏ॥
ਮਹਾਂ ਦੀਨ ਤਬ ਪ੍ਰਭ ਉਪਰਾਜਾ॥
ਅਰਬ ਦੇਸ ਕੋ ਕੀਨੋ ਰਾਜਾ॥੨੬॥
ਤਿਨ ਭੀ ਏਕ ਪੰਥ ਉਪਰਾਜਾ॥
ਲਿੰਗ ਬਿਨਾ ਕੀਨੇ ਸਭ ਰਾਜਾ॥
ਸਭ ਤੇ ਅਪਨਾ ਨਾਮੁ ਜਪਾਯੋ॥
ਸਤਿਨਾਮੁ ਕਾਹੂੰ ਨ ਦ੍ਰਿੜਾਯੋ॥੨੭॥
ਸਭ ਅਪਨੀ ਅਪਨੀ ਉਰਝਾਨਾ॥
ਪਾਰਬ੍ਰਹਮ ਕਾਹੂ ਨ ਪਛਾਨਾ॥
ਤਪ ਸਾਧਤ ਹਰਿ ਮੋਹਿ ਬੁਲਾਯੋ॥
ਇਮ ਕਹਿ ਕੈ ਇਹ ਲੋਕ ਪਠਾਯੋ॥੨੮॥
ਅਕਾਲ ਪੁਰਖ ਬਾਚ॥ਚੌਪਈ॥
ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥
ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥
ਜੇ ਜੇ ਭਏ ਪਹਿਲ ਅਵਤਾਰਾ॥
ਆਪੁ ਆਪੁ ਤਿਨ ਜਾਪੁ ਉਚਾਰਾ॥
ਪ੍ਰਭ ਦੋਖੀ ਕੋਈ ਨ ਬਿਦਾਰਾ॥
ਧਰਮ ਕਰਨ ਰਾਹੁ ਨ ਡਾਰਾ॥੪੪॥
ਜੇ ਜੇ ਗਊਸ ਅੰਬੀਆ ਭਏ॥
ਮੈ ਮੈ ਕਰਤ ਜਗਤ ਤੇ ਗਏ॥
ਮਹਾਪੁਰਖ ਕਾਹੂ ਨ ਪਛਾਨਾ॥
ਕਰਮ ਧਰਮ ਕੋ ਕਛੂ ਨ ਜਾਨਾ॥੪੫॥

*ਕੋਈ ਪੜ੍ਹਤ ਕੁਰਾਨ ਕੋ ਕੋਈ ਪੜ੍ਹਤ ਪੁਰਾਨ॥*
*ਕਾਲ ਨ ਸਕਤ ਬਚਾਇ ਕੈ*
*ਫੋਕਟ ਧਰਮ ਨਿਦਾਨ॥੪੭॥*
*ਕਈ ਕੋਟਿ ਮਿਲਿ ਪੜ੍ਹਤ ਕੁਰਾਨਾ॥*
*ਬਾਚਤ ਕਿਤੇ ਪੁਰਾਨ ਅਜਾਨਾ॥*
*ਅੰਤ ਕਾਲ ਕੋਈ ਕਾਮ ਨਾ ਆਵਾ॥*
*ਦਾਵ ਕਾਲ ਕਾਹੂ ਨ ਬਚਾਵਾ॥੪੮॥*
*ਕਿਉ ਨ ਜਪੋ ਤਾ ਕੋ ਤੁਮ ਭਾਈ॥*
*ਅੰਤ ਕਾਲ ਜੋ ਹੋਇ ਸਹਾਈ॥*
*ਫੋਕਟ ਧਰਮ ਲਖ ਕਰ ਭਰਮਾ॥*
*ਇਨ ਤੇ ਸਰਤ ਨ ਕੋਈ ਕਰਮਾ॥੪੯॥..*
*ਬੇਦ ਕਤੇਬ ਬਿਖੈ ਹਰਿ ਨਾਹੀ॥*
*ਜਾਨ ਲੇਹੁ ਹਰਿ ਜਨ ਮਨ ਮਾਹੀ॥੬੧॥*

ਇਹਨਾਂ ਸ੍ਰੀ ਮੁਖਵਾਕ ਸ੍ਰੀ ਦਸਮੇਸ਼ ਬਚਨਾਂ ਤੋਂ ਸਾਫ਼ ਸਿੱਧ ਹੈ ਕਿ ਖਾਲਸਾ ਧਰਮ ਸਰਬ ਧਰਮਾਂ ਤੋਂ ਸ੍ਰੇਸ਼ਟ ਹੈ। ਸਰਬ ਪ੍ਰਾਨੀ ਮਾਤਰ ਲਈ ਕਲਿਆਣ-ਕਾਰਕ ਧਰਮ ਖਾਲਸਾ ਇਕੋ ਧਰਮ ਹੈ। ਆਨਮਤ ਧਰਮ ਸਭ ਫੋਕਟ ਧਰਮ ਹਨ। ਖਾਲਸਾ ਧਰਮ ਦੇ ਤੁਲ ਨਹੀਂ ਪੁਜ ਸਕਦੇ। ਸ੍ਰੀ ਮੁਖ ਵਾਕਾਂ ਦੇ ਉਲਟੇ ਪੁਲਟੇ ਅਰਥ ਦੇ ਕੇ ਲੋਕਾਂ ਨੂੰ ਭਰਮਾਉਣ ਵਾਲੇ ਪੁਰਸ਼ ਟਪਲਾ-ਬਾਜ਼ ਹਨ। ਸੋ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲਾ ਸ੍ਰੀ ਦਸਮੇਸ਼ ਵਾਕ ਸਿਰਫ਼ ਏਸ ਪ੍ਰਥਾਇ ਉਚਾਰਨ ਹੋਇਆ ਹੈ ਕਿ ਸੰਸਾਰ ਦੇ ਪ੍ਰਾਣੀ ਮਾਤਰ ਸਭ ਇਕਸਾਰ ਹਨ ਅਤੇ ਸਭੇ ਹੀ ਖਾਲਸਾ ਸਜਣ ਦੇ ਹੱਕਦਾਰ ਹਨ। ਕਿਸੇ ਦਾ ਹੱਕ ਵਿਸ਼ੇਸ਼ ਨਹੀਂ ਕਿਸੇ ਦਾ ਘਟ ਨਹੀਂ, ਕੋਈ ਛੂਤ ਅਛੂਤ ਹੋਣ ਕਰਕੇ ਗੁਰਮਤਿ ਸਮਾਰਗ ਦਾ ਅਪਾਤਰ ਕੁਪਾਤਰ ਨਹੀਂ। ਜਨਮ ਜਾਤੀ ਦੇ ਕਰਮ ਭੇਦ ਦੇ ਜਨਮ ਕੁਫ਼ੇਰ ਵਿਚ ਪੈ ਕੇ ਕਿਸੇ ਪ੍ਰਾਣੀ ਨੂੰ ਗੁਰਮਤਿ ਧਰਮ ਧਾਰਨ ਦਾ ਕੁਪਾਤਰ ਦਸਣਾ ਮਹਾਂ ਅਗਿਆਨ ਹੈ। ਪਰੰਤੂ ਇਹ ਭੀ ਦੱਸਣਾ ਮਹਾਂ ਅਗਿਆਨ ਹੈ ਕਿ ਕੁਦਰਤੀ ਉਪੰਨੇ ਕਿਰਤ ਕਰਮ ਕਰਿ ਜਾਤ ਜਨਮੇ ਸਭ ਜੀਵ ਸਭ ਹੀ ਉਧਰੇ ਹੋਏ ਹਨ। ਉਹਨਾਂ ਦੇ ਉਧਾਰਨ ਦੀ ਲੋੜ ਨਹੀਂ, ਅਥਵਾ, ਉਹਨਾਂ ਨੂੰ ਉਧਾਰਨ ਉਭਾਰਨ ਦਾ ਸੰਕਲਪੀ ਯਤਨ ਕਰਨਾ ਉਹਨਾਂ ਨੂੰ ਨੀਚਾ ਦਿਖਾਣਾ ਹੈ, ਅਥਵਾ, ਐਸਾ ਕਰਨਾ ਓਹਨਾਂ ਤੇ ਘ੍ਰਿਣਾ ਕਰਨਾ ਹੈ। ਬਲਕਿ ਐਸੇ ਵਾਕਾਂ ਦਾ ਸਿਧਾਂਤ ਇਹੋ ਹੀ ਹੈ ਕਿ ਕਿਸੇ ਪ੍ਰਾਣੀ ਮਾਤਰ ਤੋਂ ਖਾਸ ਜਾਤ ਕੁਜਾਤ ਵਿਚ ਜਨਮ ਲੈਣ ਕਰਿ ਘਿਰਣਤ ਮਤ ਹੋਵੋ, ਉਸਨੂੰ ਖਾਲਸਾ ਧਰਮ ਦੇ ਦਾਇਰੇ ਵਿਚ ਲੈਣੋਂ ਮਤ ਸੰਕੋਚੋ। ਗੁਰਮਤਿ ਦਾ ਦਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੈ। ਜਾਤ ਕਰਕੇ ਬੁਰੇ ਭਲੇ ਹੋਣ ਦਾ ਵਿਚਾਰ ਸਭ ਭਰਮ ਅਗਿਆਨ ਹੈ। ਇਸੇ ਵਿਸ਼ੇ ਦੀ ਪ੍ਰੋੜ੍ਹਤਾ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਵਾਕ ਹਨ। ਯਥਾ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥੧॥*
*ਲੋਗਾ ਭਰਮ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ॥ਰਹਾਉ॥*
*ਮਾਟੀ ਏਕ ਅਨੇਕ ਭਾਂਤਿ ਕਰਿ*
*ਸਾਜੀ ਸਾਜਨਹਾਰੈ॥*
*ਨ ਕਛੁ ਪੋਚ ਮਾਟੀ ਕੇ ਭਾਂਡੇ*
*ਨ ਕਛੁ ਪੋਚ ਕੁੰਭਾਰੈ॥੨॥*
*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ*
*ਬੰਦਾ ਕਹੀਐ ਸੋਈ॥੩॥*
*ਅਲਹੁ ਅਲਖੁ ਨ ਜਾਈ ਲਖਿਆ*
*ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ*
*ਸਰਬ ਨਿਰੰਜਨੁ ਡੀਠਾ॥੪॥*

*(ਵਿਭਾਸ ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)*

ਜਨਮ ਜਾਤ ਦੇ ਲਿਹਾਜ਼ ਨਾਲਿ ਖਾਲਸਾ ਜੀ ਦੀ ਦ੍ਰਿਸ਼ਟੀ ਗੋਚਰ ਮਨੁੱਖਾਂ (ਪ੍ਰਾਣੀਆਂ) ਦੀ ਊਚ ਨੀਚਤਾ ਦਾ ਭੇਦੁ ਨਹੀਂ।

## ਖਾਲਸਾ ਧਰਮ ਗ੍ਰਹਿਣ ਕਰਨ ਦੇ ਅਧਿਕਾਰੀ-

ਖਾਲਸਾ ਧਰਮ ਵਿਚ ਆਉਣ ਦੇ ਸਭ ਇਕਸਾਰ ਹੀ ਅਤੇ ਇਕ-ਸਮਾਨ ਹੀ ਅਧਿਕਾਰੀ ਹਨ। ਇਸ ਅਧਿਕਾਰ ਦੀ ਪ੍ਰੀਖਿਆ ਉਹਨਾਂ ਦੀ ਅੰਤ੍ਰੀਵੀ ਯੋਗਤਾ (ਕਾਬਲੀਅਤ) ਅੰਦਰ ਹੈ। ਜਿਸ ਭੀ ਪ੍ਰਾਣੀ ਨੂੰ 'ਪ੍ਰੇਮ

ਖੇਲਣ ਦਾ ਚਾਉ ਹੋਵੇ ਸੋ ਨਿਸੰਗ 'ਸਿਰ ਧਰ ਤਲੀ' ਗੁਰ-ਗਲੀ ਵਿਚ ਆਵੇ। ਇਸ ਗੁਰ ਗਲੀ ਗੁਰਮਤਿ ਮਾਰਗ ਵਿਚ ਆਉਣ ਵਾਲੇ ਪ੍ਰਾਣੀ ਮਾਤਰ ਨੂੰ ਗੁਰੂ ਸਾਹਿਬ ਅਤੇ ਗੁਰੂ ਰੂਪ ਪੰਥ ਗੁਰੂ ਖਾਲਸਾ ਜੀ ਇਹ ਹੋਕਾ ਦੇ ਕੇ ਜੱਫੀ ਵਿਚ ਲੈਣ ਲਈ ਤਿਆਰ ਹਨ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸ॥*
*ਅੰਗ - ੧੧੦੨*

***(ਬਾਕੀ ਪੰਨਾ 31 'ਤੇ)***

# ਸਰਬੱਤ ਖਾਲਸਾ ਜੀ ਕੀ ਅਰਦਾਸ

*(ਗੁਰਪੁਰਵਾਸੀ ਪ੍ਰੋ. ਜੋਗਿੰਦਰ ਸਿੰਘ ਜੀ)*

'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ' ਸਿੱਖ ਧਰਮ, ਸਿੱਖ ਸਾਹਿਤ ਤੇ ਸਿੱਖ ਇਤਿਹਾਸ ਵਿਚ ਪਰਵਾਨਿਤ 'ਕੌਮੀ-ਅਰਦਾਸ' ਦਾ ਅਧਿਆਤਮਿਕ ਮੰਗਾਂ ਤੇ ਇਤਿਹਾਸਕ ਸੁਪਨਿਆਂ ਨਾਲ ਸ਼ਿੰਗਾਰਿਆ ਇਕ ਵਾਕ ਹੈ। 'ਅਰਦਾਸ' ਦਾ ਭਾਵ ਹੈ - 'ਅਰਜ਼ਦਾਸ਼ਤ' ਅਰਥਾਤ, ਸ੍ਵੈ-ਦਾਸਤਾਨ। ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਤੋਂ ਕਰੋੜਾਂ ਘਰਾਂ ਵਿਚ ਸਵੇਰੇ ਸ਼ਾਮ, ਜਿਹੜੀ 'ਅਰਦਾਸ ਕੀਤੀ ਜਾਂਦੀ ਹੈ, ਇੱਕ ਤਰ੍ਹਾਂ ਨਾਲ ਉਹ ਸਿੱਖ ਧਰਮ ਤੇ ਖਾਲਸਾ ਪੰਥ ਦੀ ਅਧਿ-ਆਤਮਿਕ ਤੇ ਇਤਿਹਾਸਕ ਦਾਸਤਾਨ ਹੀ ਹੈ। 'ਖਾਲਸਾ' ਜੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਉਹ ਅਧਿਆਤਮਿਕ ਰੂਪ ਵਿਚ ਸਦਾ ਮਾਨਵਵਾਦੀ ਤੇ ਲੋਕ-ਹਿਤੈਸ਼ੀ ਰਹਿੰਦਾ ਹੈ। ਜਦੋਂ ਕਦੀ ਵੀ ਮਾਨਵਤਾ, ਧਰਮ, ਕੌਮ ਤੇ ਦੇਸ਼ ਕਿਸੇ ਸੰਕਟ ਵਿਚ ਗ੍ਰਸਿਆ ਜਾਂਦਾ ਹੈ, ਤਾਂ 'ਖਾਲਸਾ' ਲੋਕ-ਹਿਤੈਸ਼ੀ ਭਾਵਾਂ ਅਧੀਨ 'ਮਾਨਵਤਾ' ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਰਾਖੀ ਲਈ ਕੁਰਬਾਨੀ ਤੇ ਸ਼ਹਾਦਤਾਂ ਨਾਲ ਭਿੱਜੇ ਇਤਿਹਾਸਕ ਕਰਮ ਕਰਨ ਤੋਂ ਵੀ ਮੂੰਹ ਨਹੀਂ ਮੋੜਦਾ। ਕੌਮੀ-ਅਰਦਾਸ' ਖਾਲਸਾ ਜੀ ਦੇ ਮਾਨਵ-ਵਾਦੀ ਤੇ ਮਾਨਵਤਾ ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਰਾਖੀ ਲਈ ਕੀਤੀ ਕੁਰਬਾਨੀ ਦੇ ਦਿਤੇ ਖ਼ੂਨ ਦੀ ਦਾਸਤਾਨ ਹੈ। ਅਰਦਾਸ ਕਰਨ ਵੇਲੇ ਜਿਥੇ 'ਖਾਲਸਾ' ਆਪਣੇ ਇਸ਼ਟ-ਵਾਹਿਗੁਰੂ ਨਾਲ ਚਿੱਤ ਜੋੜ ਕੇ, ਸਮੁੱਚੀ ਮਾਨਵਤਾ ਵਾਸਤੇ ਸੁਖ-ਸ਼ਾਂਤੀ ਤੇ ਹਲੀਮੀ ਰਾਜ ਮੰਗਦਾ ਹੈ, ਉਥੇ ਸਰਬੱਤ ਖਾਲਸੇ ਨਾਲ ਆਪਣੀ ਪੰਥਕ ਸਾਂਝ ਪ੍ਰਗਟਾ ਕੇ ਖੰਡ, ਮੰਡਲ ਤੇ ਬ੍ਰਹਿਮੰਡ ਵਿਚ ਖਾਲਸਾ ਜੀ ਦੇ ਬੋਲ ਬਾਲੇ ਹੋਣ, ਇਸ ਲਈ 'ਅਰਦਾਸ' ਦੁਆਰਾ ਵਾਹਿਗੁਰੂ ਕੋਲੋਂ ਵਰਦਾਨ ਵੀ ਮੰਗਦਾ ਹੈ। 'ਸਰਬੱਤ ਖਾਲਸਾ ਜੀ ਕੀ ਅਰਦਾਸ ਇਕ ਤਰ੍ਹਾਂ ਨਾਲ 'ਖਾਲਸਾ' ਦਾ ਸਪਸ਼ਟੀਕਰਣ ਵੀ ਹੈ, ਕੌਮੀ-ਸਾਂਝ ਤੇ ਪੰਥਕ-ਸੁਪਨਿਆਂ ਦਾ ਐਲਾਨ ਵੀ ਹੈ। ਖਾਲਸਾ ਜੀ ਦਾ ਸਪਸ਼ਟੀਕਰਣ -

'ਖਾਲਸਾ' ਕਦੀ ਵੀ ਸੰਪਰਦਾਇਕ ਨਹੀਂ ਰਿਹਾ ਅਤੇ ਨਾ ਹੀ ਕਦੀ ਵੱਖਵਾਦੀ ਜਾਂ ਅਤਿਵਾਦੀ ਹੋ ਸਕਦਾ ਹੈ। ਖਾਲਸੇ ਦਾ ਸਿਰਜਨਾਤਮਿਕ ਮੰਡਲ ਸਦਾ 'ਸਹਿਜ' ਵਾਲਾ ਰਿਹਾ ਹੈ। ਜਿਸ ਦਾ ਸਿਰਜਨਾਤਮਿਕ ਮੰਡਲ 'ਸਹਿਜ' ਵਾਲਾ ਹੋਵੇ, ਉਹ ਕਦੀ ਵੀ ਕਿਸੇ ਦੇਸ਼, ਧਰਮ, ਮਾਨਵਤਾ, ਸਭਿਅਤਾ, ਰੂਪ-ਰੰਗ ਤੇ ਬੋਲੀ ਦਾ ਦੋਖੀ ਨਹੀਂ ਹੋ ਸਕਦਾ। ਖਾਲਸਾ ਸਦਾ ਦੁੱਖ-ਦਵੈਤ ਤੋਂ ਆਜ਼ਾਦ ਰਹਿੰਦਾ ਹੈ। ਉਸ ਦੀ ਪ੍ਰਿਥਮੇ ਇੱਛਾ 'ਤੇ ਅਰਦਾਸ ਵੀ ਇਹੀ ਹੈ, ਕਿ 'ਖਾਲਸੇ ਨੂੰ ਵਾਹਿਗੁਰੂ ਸਦਾ ਚਿੱਤ ਆਵੇ। ਵਾਹਿਗੁਰੂ ਨੂੰ ਚਿੱਤ ਵਿਚ ਰਖਣ ਵਾਲਾ ਜੋ 'ਮਾਨਵਤਾ' ਦਾ ਦੋਖੀ ਹੋ ਜਾਵੇ ਤਾਂ ਸਪਸ਼ਟ ਹੈ ਕਿ ਉਹ ਵਾਹਿਗੁਰੂ ਦਾ ਦੋਖੀ ਹੋ ਗਿਆ। ਖ਼ਾਲਸੇ ਨੇ ਵਾਹਿਗੁਰੂ ਨੂੰ ਹਮੇਸ਼ਾ ਇਕ ਮੰਨਿਆ ਹੈ ਤੇ ਉਸ ਦੀ ਸਾਜੀ ਸਮੁੱਚੀ ਮਾਨਵਤਾ ਨੂੰ ਵੀ ਇਕ, ਅਤੇ ਏਕਤਾ ਦੇ ਰੂਪ ਵਿਚ ਹੀ ਪਛਾਣਿਆ ਹੈ। ਖਾਲਸਾ ਰੋਜ਼ ਪੜ੍ਹਦਾ ਹੈ, ਗਾਇਨ ਕਰਦਾ ਹੈ, ਉਪਦੇਸ਼ ਕਰਦਾ ਹੈ, ਤੇ ਅੰਤਰ-ਆਤਮੇ ਨਿਰੰਤਰ ਦ੍ਰਿੜ ਵੀ ਕਰਦਾ ਹੈ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥* *ਅੰਗ - ੧੩੪੯*

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥* *ਅੰਗ - ੯੭*

*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਅੰਗ - ੧੨੯੯*

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥੧੫॥੮੫॥*
*(ਅਕਾਲ ਉਸਤਤਿ ਪਾ: ੧੦)*

*ਸਭ ਸੁਖਾਲੀ ਵੁਠੀਆ*
*ਇਹੁ ਹੋਆ ਹਲੇਮੀ ਰਾਜੁ ਜੀਉ॥* *ਅੰਗ - ੭੪*

ਜਦੋਂ ਕੋਈ ਵੀ ਮਾਨਵ-ਹਿਰਦਾ ਵਾਹਿਗੁਰੂ ਤੋਂ ਸੱਖਣਾ ਨਹੀਂ, ਸਾਰੇ ਹੀ ਵਾਹਿਗੁਰੂ ਦੀ ਜੋਤਿ ਕਰਕੇ ਹੋਂਦ ਵਿਚ ਹਨ, ਤਾਂ ਵੈਰ ਤੇ ਬਿਗਾਨਾਪਨ ਕਿਸ ਨਾਲ? ਇਹੀ ਕਾਰਨ ਹੈ, ਕਿ 'ਖਾਲਸਾ' ਨਾ ਕਿਸੇ ਦਾ ਵੈਰੀ ਹੈ ਅਤੇ ਨਾ ਹੀ ਕਿਸੇ ਪ੍ਰਤੀ ਬਿਗਾਨਾਪਨ ਕਦੀ ਪ੍ਰਗਟ ਕਰਦਾ ਹੈ। ਉਹ ਮੂਲ ਰੂਪ ਵਿਚ ਗਿਆਨ-ਗੁਰੂ ਦਾ ਪੁਜਾਰੀ ਹੈ, ਆਪਣੇ ਗੁਰੂ-ਵਾਹਿਗੁਰੂ ਵਾਂਗ, ਬਿਨਾਂ ਕਿਸੇ ਵਿਤਕਰੇ ਦੇ 'ਸਰਬ' ਸੁਖ ਦਾ ਹਿਤੈਸ਼ੀ ਹੈ, ਉਹ 'ਸਰਬੱਤ ਦਾ ਭਲਾ' ਮੰਗ ਕੇ ਰੋਜ਼ ਅਰਦਾਸ ਰਾਹੀਂ ਐਲਾਨ ਵੀ ਕਰਦਾ ਹੈ, ਕਿ 'ਖਾਲਸਾ' ਵਾਹਿਗੁਰੂ ਨੂੰ ਚਿੱਤ ਵਿਚ ਰੱਖਣ ਸਦਕਾ ਸਰਬ ਸੁਖ, ਸਰਬ ਸ਼ਾਂਤੀ ਤੇ ਹਲੀਮੀ ਰਾਜ ਵਾਸਤੇ ਹੈ। ਖਾਲਸੇ ਨੂੰ 'ਰਾਜ' ਵੀ ਉਹੀ ਪਸੰਦ ਹੈ, ਜਿਸ ਵਿਚ ਸਭ ਨੂੰ ਸੁਖ-ਸ਼ਾਂਤੀ ਤੇ ਨਿਆਂ ਮਾਣ ਪ੍ਰਾਪਤ ਹੋਵੇ।

### ਖਾਲਸਾ ਜੀ ਦੀ ਕੌਮੀ ਸਾਂਝ -

ਸਿੱਖ ਦਾ ਜੀਵਨ ਇੰਨਾ ਵਿਅਕਤੀਗਤ ਨਹੀਂ, ਜਿੰਨਾ ਪੰਥਕ ਤੇ ਜਥੇਬੰਦਕ ਹੈ, ਸਿੱਖ ਨੇ ਹਮੇਸ਼ਾ ਪੰਥ ਨਾਲ ਰਹਿ ਕੇ ਜਾਂ ਪੰਥ-ਮਾਰਗ ਉਤੇ ਚੱਲ ਕੇ ਸੰਗਤ ਜਾਂ ਖਾਲਸਈ ਸਰੂਪ ਵਿਚ ਜਥੇਬੰਦ ਹੋ ਕੇ ਜੀਉਣਾ ਹੈ। ਜਦੋਂ ਸਿੱਖ ਆਪਣੇ ਰੱਬ ਨੂੰ '੧ੳ ਵਾਹਿਗੁਰੂ' ਦੇ ਰੂਪ ਵਿਚ ਸਾਂਝਾ ਮੰਨਦਾ ਹੈ, ਸਤਿਗੁਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਏਕਤਾ ਨੂੰ ਸਵੀਕਾਰਦਾ ਹੈ; ਪਿਆਰਿਆਂ, ਸਾਹਿਬਜ਼ਾਦਿਆਂ, ਮੁਕਤਿਆਂ ਤੇ ਸ਼ਹੀਦਾਂ ਨੂੰ ਇਕ ਮੰਨਦਾ ਹੈ, ਤਖ਼ਤ ਸਾਂਝੇ, ਗੁਰਦੁਆਰੇ ਤੇ ਗੁਰਧਾਮ ਸਾਂਝੇ, ਖਾਲਸਈ ਬੋਲ ਤੋਂ ਨਾਹਰੇ ਸਾਂਝੇ, ਅੰਮ੍ਰਿਤਸਰ ਦਾ ਇਸ਼ਨਾਨ ਤੇ ਨਾਮਦਾਨ ਸਾਂਝਾ, ਮੰਗਾਂ ਤੇ ਵਰਦਾਨ ਸਾਂਝੇ, ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਸਾਂਝਾ। ਜਦੋਂ ਕੰਮ ਦਾ ਇਸ਼ਟ, ਉਦੇਸ਼ ਤੇ ਆਦਰਸ਼ ਸਾਂਝਾ ਹੈ, ਅਰਦਾਸ ਸਾਂਝੀ ਹੈ ਤਾਂ ਹਰ ਸਥਿਤੀ ਵਿਚ, ਜਿਥੇ ਜਿਥੇ ਵੀ 'ਖਾਲਸਾ' ਖਾਲਸਈ ਰੂਪ ਵਿਚ ਬੈਠਾ ਵਿਚਰਦਾ ਹੈ, ਸਰਬੱਤ ਖਾਲਸਾ ਜੀ ਦੀ ਇਹ ਹਾਰਦਿਕ ਇੱਛਾ ਤੋਂ ਅਰਦਾਸ ਵੀ ਹੈ ਕਿ 'ਸਾਹਿਬ ਅਕਾਲ ਪੁਰਖ ਉਸ ਦੀ 'ਰੱਛਿਆ ਰਿਆਇਤ' ਕਰੋ। ਮਾਨਵਤਾ ਦੀ ਰੱਛਿਆ ਰਿਆਇਤ ਲਈ ਸਤਿਗੁਰਾਂ ਨੇ ਵੀ ਸਦਾ ਅਰਦਾਸ ਕੀਤੀ ਹੈ ਤੇ ਖਾਲਸਾ ਵੀ ਕੌਮੀ-ਸਾਂਝ ਹਿੱਤ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਨਿਆਰੇ, ਤੇਜ ਵਾਲੇ ਤੇ ਜਥੇਬੰਦਕ ਸਰੂਪ 'ਖਾਲਸਾ' ਦੀ ਹਰ ਵੇਲੇ, ਹਰ ਸਥਿਤੀ ਵਿਚ ਤੇ ਸਭ ਥਾਈਂ ਰਛਿਆ ਰਿਆਇਤ ਮੰਗਦਾ ਹੈ। ਸਰਬੱਤ ਖਾਲਸਾ ਆਪਣਾ ਅਧਿਕਾਰ ਮੰਨ ਕੇ ਨਿਰੰਤਰ ਅਰਦਾਸ ਵੀ ਕਰਦਾ ਹੈ ਕਿ ਵਿਸ਼ਵ-ਮੰਡਲ ਵਿਚ ਜਿਥੇ ਜਿਥੇ ਵੀ ਆਪਣੀ ਕਿਰਤ ਕਰਨ ਲਈ ਖਾਲਸਾ ਰਹਿੰਦਾ ਹੈ, ਉਹ ਕੌਮੀ-ਸਾਂਝ ਪ੍ਰਗਟਾਏ ਤੇ ਅਕਾਲ ਪੁਰਖ ਕੋਲੋਂ ਮੰਗੇ -

***ਜਹਾਂ ਜਹਾਂ ਖਾਲਸਾ ਜੀ ਸਾਹਿਬ,***
***ਤਹਾਂ ਤਹਾਂ ਰਛਿਆ ਰਿਆਇਤ***

### ਖਾਲਸਾ ਜੀ ਦੀਆਂ ਮੰਗਾਂ -

ਦੁਸ਼ਟ ਤੇ ਦੋਖੀਆਂ ਨੂੰ ਜੜ੍ਹੋਂ ਪੁੱਟਣ ਵਾਸਤੇ ਜਦੋਂ ਕਦੀ ਵੀ 'ਖਾਲਸਾ' ਸੰਗ੍ਰਾਮ ਵਿਚ ਜੁਝਦਾ ਹੈ ਤਾਂ ਮੈਦਾਨੇ-ਜੰਗ 'ਦੇਗ ਤੇਗ ਫਤਹ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜਣ ਲੱਗ ਪੈਂਦਾ ਹੈ। ਇਹ ਸਾਰੇ ਜੈਕਾਰੇ ਖਾਲਸੇ ਦੇ ਨਾਹਰੇ ਵੀ ਹਨ ਅਤੇ ਇਹਨਾਂ ਨਾਹਰਿਆਂ ਵਿਚ ਖਾਲਸਾ ਜੀ ਦੀਆਂ ਮੰਗਾਂ ਵੀ ਹਨ।

### ਦੇਗ਼ ਤੇਗ਼ ਫ਼ਤਹ -

'ਦੇਗ਼' ਦਾ ਭਾਵ-ਲੰਗਰ। ਦੇਗ਼ ਦੀ ਫਤਹ ਤਾਂ ਹੀ ਹੋ ਸਕਦੀ ਹੈ ਜੇ ਸਾਰੀ ਮਨੁੱਖਤਾ ਵਿਚ ਵੰਡ ਛਕਣ ਦੀ ਭਾਵਨਾ ਪੈਦਾ ਹੋਵੇ। ਖਾਲਸਾ ਜੀ ਦੀ ਮੰਗ ਹੈ ਕਿ ਆਪ ਕਿਰਤ ਕਮਾਈ ਵਿਚੋਂ ਵੰਡ ਕੇ ਛਕੋ। ਇਸ ਤਰ੍ਹਾਂ 'ਦੇਗ਼' ਦੀ ਫ਼ਤਹ ਹੋਵੇਗੀ। ਸਿੱਖਾਂ ਵਿਚ ਦੇਗ (ਲੰਗਰ) ਸਜਾਉਣ ਦੀ ਪ੍ਰਥਾ ਵੰਡ ਛੱਕਣ, ਏਕਤਾ ਤੇ ਬਰਾਬਰੀ ਦੀ ਭਾਵਨਾ ਨੂੰ ਪ੍ਰੋਮੋਟ ਕਰਨ ਦੀ ਪ੍ਰਥਾ ਹੀ ਹੈ।

### ਤੇਗ਼ ਦੀ ਫਤਹ -

ਸਰਬੱਤ ਖਾਲਸਾ ਦੀ ਇਹ ਵੀ ਮੰਗ ਹੈ ਕਿ 'ਤੇਗ਼' ਦੀ ਸਦਾ ਫ਼ਤਹ ਹੋਵੇ। 'ਤੇਗ਼' ਦਾ ਅਰਥ ਹੈ-ਤਲਵਾਰ। 'ਤੇਗ' ਹਮੇਸ਼ਾ ਵਾਹੀ ਜਾਂਦੀ ਹੈ-ਦੁਸ਼ਟ, ਦੋਖੀਆਂ, ਜ਼ੁਲਮ ਤੇ ਜ਼ਿਆਦਤੀਆਂ ਵਿਰੁੱਧ। ਤੇਗ਼ ਨੇ ਸੱਚ, ਪ੍ਰੇਮ, ਨਿਆਂ, ਅਣਖ ਤੇ ਆਜ਼ਾਦੀ ਦੀ ਸਹਾਇਤਾ ਕਰਨੀ ਹੁੰਦੀ ਹੈ। ਖਾਲਸਾ ਇਸੇ ਕਰਕੇ ਤੇਗ਼ ਨੂੰ ਨਿਰੰਤਰ ਸਿਮਰਦਾ ਹੈ, ਤਾਂਕਿ ਧਰਮ-ਕੀਮਤਾਂ ਦੀ ਫ਼ਤਹ ਹੋਵੇ, ਪਾਪ-ਕੀਮਤਾਂ ਦੀ ਹਾਰ ਹੋਵੇ। ਖਾਲਸਾ ਜੀ ਦੀ ਸਦੀਵੀ ਮੰਗ ਤੇ ਅਰਦਾਸ ਹੈ ਕਿ ਖੰਡ, ਮੰਡਲ ਤੇ ਬ੍ਰਹਿਮੰਡ ਵਿਚ 'ਦੇਗ ਤੇਗ਼' ਦੀ ਸਦਾ ਫਤਹ ਹੋਵੇ।

### ਪੰਥ ਕੀ ਜੀਤ -

'ਪੰਥ' ਦਾ ਭਾਵ ਹੈ-ਮਾਰਗ। ਸਤਿਗੁਰਾਂ ਨੇ ਆਪਣੇ ਪਿਆਰੇ ਖਾਲਸਾ ਜੀ ਨੂੰ ਇਕ ਨਿਰਮਲ ਮਾਰਗ ਦਿੱਤਾ ਹੈ। ਉਸ ਮਾਰਗ ਵਿਚ ਸੱਚ, ਸਿਮਰਨ, ਸੰਤੋਖ, ਸੇਵਾ,

ਸਹਿਜ, ਸੰਘਰਸ਼ ਤੇ ਅਨੰਦ ਦੇ ਪੜਾਅ ਹਨ। ਜਦੋਂ ਇਸ ਨਿਰਮਲ ਤੇ ਅਧਿਆਤਮਿਕ ਮਾਰਗ ਉਤੇ ਤੁਰਨ ਵਾਲੇ ਜਥੇਬੰਦ ਹੋ ਜਾਂਦੇ ਹਨ, ਤਾਂ ਇਸ ਜਥੇਬੰਦੀ ਨੂੰ ਵੀ 'ਪੰਥ' ਆਖਿਆ ਜਾਂਦਾ ਹੈ। ਖਾਲਸਾ ਜੀ ਦੀ ਹਾਰਦਿਕ ਮੰਗ ਹੈ ਕਿ ਸ੍ਰਿਸ਼ਟੀ-ਮੰਡਲ ਵਿਚ ਇਸ ਨਿਰਮਲ ਤੇ ਅਧਿਆਤਮਿਕ ਪੰਥ' ਦੀ ਸਦਾ ਜਿੱਤ ਤੇ ਜੈਕਾਰ ਹੋਵੇ।

### ਸ੍ਰੀ ਸਾਹਿਬ ਜੀ ਸਹਾਇ –

ਗੁਰੂ ਕੇ ਖਾਲਸਾ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ, 'ਪੰਥ ਕੀ ਜੀਤ' ਵਾਸਤੇ 'ਸ੍ਰੀ ਸਾਹਿਬ' ਹਮੇਸ਼ਾ ਸਹਾਇਕ ਹੋਣਗੇ। ਸ੍ਰੀ ਸਾਹਿਬ ਸਦਾ ਸਹਾਇਕ ਰਹਿਣ, ਕੌਮ ਅਤੇ ਦੇਸ਼ ਦੀ ਅਣਖ ਅਤੇ ਆਜ਼ਾਦੀ ਲਈ। ਇਹ ਸਰਬੱਤ ਖਾਲਸਾ ਦੀ ਮੰਗ ਵੀ ਹੈ ਤੇ ਅਰਦਾਸ ਵੀ ਹੈ।

### ਖਾਲਸਾ ਜੀ ਦੀ ਸਥਾਪਨਾ –

ਸਰਬੱਤ ਖਾਲਸੇ ਦਾ ਅੰਦਰੋਂ ਸੁਪਨਾ ਹੈ ਕਿ ਧਰਤੀ ਉਤੇ ਖਾਲਸਾ ਜੀ ਦੇ ਬੋਲ ਬਾਲੇ ਹੋਣ। ਖਾਲਸੇ ਦਾ ਬੋਲ ਉਹੀ ਹੈ, ਜਿਹੜਾ ਬੋਲ ਦਸਾਂ ਸਤਿਗੁਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੋਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੋਲ ਸ਼ੁੱਧ ਰੂਪ ਵਿਚ ਭਾਰਤੀ ਬੋਲ ਹੈ। ਖਾਲਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਭਾਰਤੀ ਬੋਲ ਨੂੰ ਸੰਭਾਲਿਆ ਹੀ ਨਹੀਂ, ਸਗੋਂ ਭਾਰਤ ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਸੁਰੱਖਿਆ ਲਈ ਸ਼ਹਾਦਤਾਂ ਦੇ ਕੇ ਆਪਣਾ ਬੋਲ ਵੀ ਪੈਦਾ ਕੀਤਾ ਹੈ। ਖਾਲਸਾ ਚੂੰਕਿ ਆਪਣੇ ਜਨਮ ਤੋਂ ਹੀ ਭਾਰਤੀ ਹੈ ਤੇ ਭਾਰਤੀ ਬੋਲ-ਬਾਲੇ ਦਾ ਰਾਖਾ ਵੀ ਹੈ, ਇਸ ਲਈ 'ਖਾਲਸਾ' ਰੋਜ਼ ਉਸ ਬੋਲ-ਬਾਲੇ ਦੀ ਪ੍ਰਾਪਤੀ ਲਈ 'ਅਰਦਾਸ' ਰਾਹੀਂ ਆਪਣਾ ਸੁਪਨਾ ਮੂਰਤੀਮਾਨ ਕਰਦਾ ਹੈ ਤਾਂਕਿ ਉਹ ਸਰਬ ਪਾਸੇ ਸੁਖ, ਸ਼ਾਂਤੀ, ਨਿਆਂ ਤੇ ਮਾਣ ਪੈਦਾ ਕਰ ਸਕੇ। ਖਾਲਸਾ ਜੀ ਦੇ ਬੋਲ-ਬਾਲੇ ਨਿਸਚੇ ਹੀ ਭਾਰਤ ਦੇ ਬੋਲ-ਬਾਲੇ ਹਨ।

'ਸਰਬੱਤ ਖਾਲਸਾ ਜੀ ਕੀ ਅਰਦਾਸ' ਜਿੱਥੇ ਮਾਨਵਤਾ, ਧਰਮ, ਕੌਮ ਤੋਂ ਦੇਸ਼ ਨੂੰ ਸੰਕਟ ਤੋਂ ਮੁਕਤ ਕਰਨ ਦੀ ਅਰਦਾਸ ਹੈ, ਉਥੇ ਖਾਲਸਾ ਜੀ ਦੇ ਸਪਸ਼ਟੀਕਰਣ, ਮੰਗਾਂ ਤੇ ਸੁਪਨਿਆਂ ਦੀ ਦਾਸਤਾਨ ਵੀ ਹੈ। ਖਾਲਸੇ ਦੀ ਮੰਗ ਹੈ – ਧਰਤੀ ਉਤੇ ਏਕਤਾ, ਸ਼ਾਂਤੀ, ਨਿਆਂ ਤੇ ਹਲੀਮੀ ਰਾਜ ਸਥਾਪਿਤ ਹੋਵੇ ਤੇ ਸੁਪਨਾ ਹੈ-ਖਾਲਸਾ ਜੀ ਦੇ ਬੋਲ-ਬਾਲੇ ਹੋਣ।

*(ਪੰਨਾ 14 ਦੀ ਬਾਕੀ)*

ਸੰਤ ਨਿਹਾਲ ਸਿੰਘ ਜੀ ਦੇ ਦੱਸਣ ਮੁਤਾਬਕ ੨੨ਵੇਂ ਸ੍ਰੀ ਅਖੰਡ ਪਾਠ ਜੀ ਦਾ ਭੋਗ ਪੈ ਚੁੱਕਾ ਸੀ ਅਤੇ ੨੩ਵਾਂ ਸ੍ਰੀ ਅਖੰਡ ਪਾਠ ਆਰੰਭ ਸੀ। ਡਿਪਟੀ ਕਮਿਸ਼ਨਰ ਆਰ. ਕੇ. ਚੰਦੋਲ ਦੇ ਹੁਕਮ ਅਨੁਸਾਰ ਪੁਲਿਸ ਨੇ ਸ੍ਰੀ ਅਖੰਡ ਪਾਠ ਬੰਦ ਕਰਕੇ ਬਾਹਰ ਆਉਣ ਲਈ ਸਪੀਕਰ ਰਾਹੀਂ ਕਿਹਾ ਪਰ ਸਿੰਘਾਂ ਨੇ ਕਿਹਾ ਕਿ ਜਿੰਨਾ ਚਿਰ ਸਾਡੇ ਸਰੀਰ ਵਿਚ ਪ੍ਰਾਣ ਹਨ ਅਸੀਂ ਅਖੰਡ ਪਾਠ ਬੰਦ ਨਹੀਂ ਕਰਾਂਗੇ। ਉਹ ੨੨ ਮਈ ਸੰਨ ੧੯੬੪ ਈ: ਦਾ ਮੰਗਲਵਾਰ ਦਾ ਦਿਨ ਸੀ। ਪੁਲਿਸ ਪਉੜੀਆਂ ਲਾ ਕੇ, ਗੁਰਦੁਆਰੇ ਅੰਦਰ ਦਾਖਲ ਹੋ ਗਈ। ਉਸ ਸਮੇਂ ਸੰਤ ਬਾਬਾ ਨਿਹਾਲ ਸਿੰਘ ਜੀ ਚਵਰ ਦੀ ਸੇਵਾ ਕਰ ਰਹੇ ਸਨ। ਪਾਠ ਕਰ ਰਹੇ ਸਿੰਘਾਂ ਤੇ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਕਰਕੇ ਮੌਕੇ ਤੇ ਹੀ ਗਿਆਰਾਂ ਨਿਹੰਗ ਸਿੰਘ ਸ਼ਹੀਦ ਹੋ ਗਏ ਅਤੇ ਸੰਤ ਬਾਬਾ ਨਿਹਾਲ ਸਿੰਘ ਜੀ ਗੰਭੀਰ ਰੂਪ ਵਿਚ ਗੋਲੀਆਂ ਲੱਗਣ ਨਾਲ ਫੱਟੜ ਹੋ ਗਏ। ਇਸ ਮਹਾਨ ਸ਼ਹੀਦੀ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਹੀ ਦੇਸ਼ ਵਿੱਚ ਫੈਲ ਗਈ। ਸ਼ਹੀਦ ਜਥੇਬੰਦੀ ਨੇ ਇਸ ਅਸਥਾਨ ਦਾ ਪ੍ਰਬੰਧ ਨਿਸ਼ਕਾਮਤਾ ਦਾ ਪ੍ਰਮਾਣ ਦਿੰਦੇ ਹੋਏ ਪੰਥ ਦੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਪੰਥ ਅਕਾਲੀ ਤਰਣਾ ਦਲ ਹਰੀਆਂ ਵੇਲਾਂ ਦੀ ਪੰਥਕ ਜਥੇਬੰਦੀ ਨੇ ਸ੍ਰੀ ਪਾਉਂਟਾ ਸਾਹਿਬ ਜੀ ਦੀ ਮਾਨ ਮਰਯਾਦਾ ਨੂੰ ਬਰ-ਕਰਾਰ ਰੱਖਣ ਲਈ ਮਹੰਤ ਦੀ ਅਪਵਿੱਤਰ ਜਕੜ ਵਿਚੋਂ, ਸ਼ਹਾਦਤਾਂ ਦੇ ਕੇ, ਇਸ ਅਸਥਾਨ ਨੂੰ ਅਜ਼ਾਦ ਕਰਵਾਇਆ।

*(ਪੰਨਾ 6 ਦੀ ਬਾਕੀ)*

ਬਈ! ਗੁਣ ਗਾਈਏ ਕਰਤਾਰ ਦੇ, ਆਓ ! ਸਤਿਗੁਰ ਦੇ ਦਰਬਾਰ।

ਆਖ਼ਰ ਜੈ ਹੋਣੀ ਸੱਚ ਦੀ, ਸੱਚੇ ਦਾ ਬੇੜਾ ਪਾਰ।

ਇਸ ਲਈ ਚਾਰ ਕੁਰਹਿਤਾਂ (ਬੱਜਰ) ਛੱਡ ਕੇ, ਲਈਏ ਪੰਜੇ ਕੱਕੇ ਧਾਰ।

ਇਉਂ ਹੁਕਮ ਗੁਰਾਂ ਦਾ ਮੰਨ ਕੇ, ਅੰਮ੍ਰਿਤ ਛਕੀਏ ਖੰਡੇ ਧਾਰ

ਖ਼ੁਦ ਸਿੱਖ ਬਣੀਏ 'ਸੁਖਦੇਵ ਸਿੰਘ', ਸਿੱਖੀ ਦਾ ਇਹ ਪ੍ਰਚਾਰ।

# ਨਾਨਕ ਨਾਮ ਚੜ੍ਹਦੀ ਕਲਾ

*[ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ]*

ਸਿਖ ਨਿਤਾਪ੍ਰਤੀ ਅਰਦਾਸ ਕਰਦਾ ਹੈ, ਜਿਸ ਦੀ ਅੰਤਲੀ ਤੁਕ ਹੈ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'

ਇਸ ਤੁਕ ਦੇ ਅਰਥ ਹਨ-ਕੇਵਲ ਗੁਰੂ ਨਾਨਕ ਪਾਤਸ਼ਾਹ ਦੇ ਬਖਸ਼ੇ ਹੋਏ ਨਾਮ ਦੁਆਰਾ ਹੀ ਚੜਦੀ ਕਲਾ ਪ੍ਰਾਪਤ ਹੁੰਦੀ ਹੈ। ਅਤੇ ਹਰ ਚੜ੍ਹਦੀ ਕਲਾ ਵਾਲਾ ਸਿੰਘ ਉਸ ਵਾਹਿਗੁਰੂ ਜੀ ਦੇ ਪਿਆਰ ਵਿਚ ਉਸ ਦੀ ਬਣਾਈ ਸਵਾਰੀ ਸ੍ਰਿਸ਼ਟੀ ਦਾ ਭਲਾ ਲੋਚਦਾ ਹੈ। ਸਰਬੱਤ ਦੇ ਭਲੇ ਦੀ ਗੱਲ ਪਿਛਲੇਰੇ ਲੇਖਾਂ ਵਿਚ ਆ ਚੁਕੀ ਹੈ। ਹਥਲੇ ਲੇਖ ਵਿਚ ਚੜਦੀ-ਕਲਾ ਤੇ ਵਿਚਾਰ ਕੀਤਾ ਜਾਵੇਗਾ ਕਿ ਕਿਵੇਂ ਗੁਰਬਾਣੀ ਵਿਚੋਂ ਸਿਖ-ਮਾਨਸਿਕਤਾ ਨੂੰ ਚੜਦੀ-ਕਲਾ ਮਿਲਦੀ ਹੈ।

ਚੜ੍ਹਦੀ ਕਲਾ ਉਸ ਉਚ ਅਵਸਥਾ ਦਾ ਨਾਮ ਹੈ ਜੋ ਨਾਮ ਜਪ ਜਪ ਕੇ ਗੁਰਸਿਖ ਨੂੰ ਪ੍ਰਾਪਤ ਹੁੰਦੀ ਹੈ। ਇਸ ਅਵਸਥਾ ਵਿਚ ਨਾਮ ਦੇ ਚਲੂਲੇ ਰੰਗਾਂ ਦਾ ਅੰਤਰ-ਆਤਮੇ ਅਨੁਭਵ ਹੁੰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ। (੧੮੭੯-੧੯੬੧) ਵਰਤਮਾਨ ਯੁਗ ਦੇ ਇਕ ਮਹਾਨ ਅਭਿਆਸੀ ਗੁਰਸਿਖ ਅਤੇ ਗੁਰੂ ਕੇ ਮਹਾਨ ਕੀਰਤਨੀਏ ਹੋਏ ਹਨ। ਉਹਨਾਂ ਜੋਤਿ ਦੇ ਪ੍ਰਕਾਸ਼ ਹੋਣ ਤੇ ਚੜ੍ਹਦੀ-ਕਲਾ ਅਤੇ ਆਤਮ-ਰੰਗਾਂ ਦਾ ਵਰਨਣ ਇਉਂ ਕੀਤਾ ਹੈ -

'ਅਜ ਮੇਰੇ ਹੱਭੇ ਟੋਲ ਸੁਹਾਵਣੇ ਹੋ ਗਏ। ਪ੍ਰਕਾਸ਼ ਉਜਿਆਰੇ ਦਾ ਇਕ ਡੁਲ੍ਹ ਡੁਲ੍ਹ ਕਰੇਂਦਾ ਸਮੁੰਦਰ ਮੇਰੇ ਅੰਤਰ ਬਾਹਰ ਠਾਠਾਂ ਮਾਰੇ। ਜਿਉਂ ਜਿਉਂ ਮੈਂ ਇਹਨਾਂ ਹੋਰ ਤੋਂ ਹੋਰ, ਅਧਿਭੁਤ ਤੇ ਪਰਮ ਅਧਿਭੁਤ ਪਰਮਾਰਥੀ ਰੰਗਾਂ ਦੇ ਕਉਤਕ ਮੇਰੇ ਦਿਬ-ਦ੍ਰਿਸ਼ਟੀ ਨੇਤਰਾਂ ਦੇ ਅਗੋਚਰ ਆਵਣ, ਜਿਨ੍ਹਾਂ ਦਾ ਲਿਖਣਾ, ਕਥਨਾ, ਪੰਜ-ਭੂਤਕ ਇਨਸਾਨੀ ਦਾਇਰੇ ਤੋਂ ਬਾਹਰ ਹੈ। (ਜੇਲ੍ਹ ਚਿਠੀਆਂ, ਪੰਨਾ ੫੯)

ਇਉਂ ਨਾਮ ਦੇ ਚਲੂਲੇ ਰੰਗਾਂ ਵਿਚ ਖੇਡਦੇ ਸਨ ਗੁਰੂ ਦਸਮੇਸ਼ ਦੇ ਸਜੀਲੇ ਖਾਲਸਾ ਜੀ। ਨਾਮ ਜਪ ਜਪ ਕੇ ਉਹ ਸਦਾ ਅਧਿਭੁਤ ਆਤਮ-ਤਰੰਗਾਂ ਵਿਚ ਵਿਚਰਦੇ ਸਨ।

ਜਦੋਂ ਇਕ ਦੂਜੇ ਤੋਂ ਸਿੰਘਾਂ ਨੇ ਹਾਲ ਪੁਛਣਾ ਤਾਂ ਉਤਰ ਹੁੰਦਾ ਸੀ 'ਚੜ੍ਹਦੀ ਕਲਾ', ਜਿਸਦਾ ਅਰਥ ਹੁੰਦਾ ਸੀ ਕਿ ਉਹ ਨਾਮ ਬਾਣੀ ਵਿਚ ਗੜੂੰਦ ਰਹਿੰਦਾ ਹੈ। ਇਸ ਉੱਤਰ ਤੋਂ ਭਾਵ ਆਤਮਕ ਵਿਗਾਸ ਦਾ ਹੁੰਦਾ ਸੀ, ਨਾ ਕਿ ਸਰੀਰਕ-ਸਿਹਤ ਦਾ। ਅਜੋਕੇ ਮਨੁੱਖ ਜਦੋਂ ਹਾਲ ਪੁਛਦੇ ਹਨ ਇਕ ਦੂਸਰੇ ਤੋਂ ਤਾਂ ਉਹਨਾਂ ਦੇ ਹਾਲ ਪੁੱਛਣ ਦਾ ਮਨੋਰਥ ਕੇਵਲ ਸਰੀਰਕ ਅਵਸਥਾ ਜਾਂ ਸੰਸਾਰਕ ਕਾਰਾਂ ਵਿਹਾਰਾਂ ਤੋਂ ਹੀ ਹੁੰਦਾ ਹੈ।ਪਰ ਪੁਰਾਤਨ ਖਾਲਸਾ ਜਾਣਦੇ ਸੀ ਕਿ ਸਰੀਰਕ ਸਿਹਤ ਨਾਲੋਂ ਆਤਮਕ ਸਿਹਤ ਵਧੇਰੇ ਮਹੱਤਵ ਪੂਰਣ ਹੈ। ਉਹ 'ਸਰਬ ਰੋਗ ਕਾ ਅਉਖਦ ਨਾਮ' ਮੰਨਦੇ ਸਨ ਅਤੇ ਨਾਮ ਨਾਲ ਨਾ-ਕੇਵਲ ਸਰੀਰ ਨਰੋਆ ਰਖਦੇ ਸਨ, ਸਗੋਂ ਆਤਮਕ ਤੌਰ ਤੇ ਭੀ ਬਲਵਾਨ ਅਤੇ ਬੁਲੰਦ ਹੌਸਲੇ ਵਾਲੇ ਬਣ ਕੇ ਪੰਜਾਬ ਦੇ ਇਤਿਹਾਸ ਵਿਚ ਅਲੌਕਿਕ ਕੌਤਕ ਵਰਤਾਉਂਦੇ ਰਹੇ। ਪਰਸਿਧ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਆਪਣੀ ਪੁਸਤਕ 'ਸਿਖ ਇਤਿਹਾਸ' ਦੇ ਅੰਤ ਵਿਚ ਹੈਰਾਨੀ ਪਰਗਟ ਕਰਦਾ ਹੈ ਕਿ ਕਿਵੇਂ ਮੁੱਠੀ ਭਰ ਸਿੱਖ ਕੌਮ, ਜਿਸ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਮੁਗ਼ਲ ਸਰਕਾਰ ਦ੍ਰਿੜ੍ਹ ਨਿਸਚਾ ਕਰ ਚੁਕੀ ਸੀ, ਪੰਜਾਬ ਤੇ ਰਾਜ ਕਰਨ ਲਗ ਪਈ? ਡਾਕਟਰ ਗੁਪਤਾ ਜੀ ਨੂੰ ਖਾਲਸੇ ਦੀ ਅੰਤਰਮੁਖੀ ਚੜ੍ਹਦੀ-ਕਲਾ ਦੇ ਦਰਸ਼ਨ ਨਹੀਂ ਹੋਏ ਅਤੇ ਨਾ ਹੀ ਉਸ ਸਮੇਂ ਦੇ ਗ਼ੈਰ-ਸਿਖ ਇਤਿਹਾਸਕਾਰਾਂ ਤੋਂ ਇਸ ਬਾਰੇ ਕੁਝ ਲਿਖੇ ਜਾਣ ਦੀ ਆਸ ਹੀ ਹੋ ਸਕਦੀ ਹੈ। ਇਹ ਤਾਂ ਬਿਸਮਾਦੀ ਗੱਲਾਂ ਹਨ, ਰੂਹ ਦੇ ਦੇਸ਼ ਦੀਆਂ ਗੱਲਾਂ ਹਨ। ਅਹੰਕਾਰ-ਗ੍ਰਸੀਆਂ ਹਕੂਮਤਾਂ ਕੀ ਜਾਨਣ, ਇਹ ਚੜਦੀ ਕਲਾ ਕੀ ਹੁੰਦੀ ਹੈ। ਚੜ੍ਹਦੀ-ਕਲਾ ਦਾ ਸਰੂਪ ਅਦ੍ਰਿਸ਼ਟ

ਹੈ, ਅੰਤਰਮੁਖੀ ਹੈ, ਆਤਮਕ ਹੈ, ਰੂਹਾਨੀ ਹੈ। ਅਤੇ ਖ਼ਾਲਸੇ ਨੇ ਇਸ ਕਲਾ ਦੀ ਵੱਡੇ ਪੈਮਾਨੇ ਤੇ ਵਰਤੋਂ ਕਰ ਕੇ ਸੰਸਾਰ ਦੇ ਸਾਹਮਣੇ ਪਰਗਟ ਕਰ ਵਿਖਾਇਆ ਹੈ ਕਿ ਆਪਣੇ ਧਰਮ ਦੀ ਖ਼ਾਤਰ, ਤੱਤੀ ਤਵੀ ਤੇ ਬੈਠਿਆ ਜਾ ਸਕਦਾ ਹੈ, ਦੇਗਾਂ ਵਿਚ ਉਬਾਲੇ ਖਾਧੇ ਜਾ ਸਕਦੇ ਹਨ, ਬੰਦ ਬੰਦ ਕਟਵਾਏ ਜਾ ਸਕਦੇ ਹਨ, ਅਤੇ ਦਸ ਦਿਤਾ ਕਿ ਕਿਵੇਂ ਸੀਸ ਤਲੀ ਤੇ ਰੱਖ ਕੇ ਯੁੱਧ ਕਰਦੇ ਪ੍ਰਤਗਿਆ ਪੂਰੀ ਕਰਨ ਲਈ ਸ੍ਰੀ ਹਰੀਮੰਦਰ ਸਾਹਿਬ ਤਕ ਕੋਈ ਅਪੜ ਸਕਦਾ ਹੈ। ਮਰਨ ਦੀ ਪਰਵਾਹ ਨਹੀਂ ਹੁੰਦੀ, ਜੀਉਣ ਦੀ ਚਾਹ ਨਹੀਂ ਹੁੰਦੀ, ਜੇ ਲਟਕ ਹੁੰਦੀ ਹੈ ਤਾਂ ਇਕੋ –

*ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥*
*ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥੧॥*
*ਅੰਗ – ੬੯੪*

ਗੋਬਿੰਦ-ਪ੍ਰਭੂ ਦੀ ਪ੍ਰੀਤ ਜੀਅ ਦੇ ਕੇ ਲਈ ਹੈ, ਇਹ ਹੈ ਚੜਦੀ ਕਲਾ ਦਾ ਵਲਵਲਾ।

ਮਹਿੰਗਾ ਮੁੱਲ ਤਾਰਿਆ ਹੈ। ਇਹ ਪ੍ਰੀਤ ਕਦੀ ਟੁਟੇ ਨਾ। ਚੜ੍ਹਦੀ ਕਲਾ, ਅਗੰਮੀ ਵਲਵਲੇ ਤੇ ਨਾਮ ਬਾਣੀ ਦੇ ਰੰਗਾਂ ਭਰੇ ਜਜ਼ਬੇ ਦਾ ਮਨ ਅੰਦਰ ਉਗਮ ਪੈਣਾ ਹੈ, ਜੋ ਗੁਰੂ ਕੀ ਬਖ਼ਸ਼ਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਇਸ ਚੜ੍ਹਦੀ ਕਲਾ ਦੇ ਵਲਵਲੇ ਦੇ ਕੌਤਕ ਹੀ ਨਿਆਰੇ ਹਨ।ਚੜ੍ਹਦੀ ਕਲਾ ਸ਼ਬਦ ਬਾਣੀ ਅੰਦਰ ਚਾਹੇ ਕਿਤੇ ਨਹੀਂ ਵਰਤਿਆ ਗਿਆ, ਪਰ ਚੂੰਕਿ ਇਹ ਨਿਤ ਨਵੇਂ ਰੰਗਾਂ ਤੇ ਖੇੜਿਆਂ ਦੀ ਅਵਸਥਾ ਹੁੰਦੀ ਹੈ ਇਸ ਕਰਕੇ ਸਿੰਘਾਂ ਨੇ ਆਪਣੇ ਅਨੁਭਵ ਤੋਂ ਹੀ ਇਸ ਅਵਸਥਾ ਦਾ ਨਾਮ, ਚੜ੍ਹਦੀ ਕਲਾ ਰੱਖ ਦਿੱਤਾ। ਜੇਲ੍ਹ ਚਿਠੀਆਂ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਕੇਵਲ ਇਕ ਦਿਨ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੋਂ ਬਾਅਦ ਦੀ ਨਾਮ ਦੇ ਚਲੂਲੇ ਰੰਗਾਂ ਦੀ ਚੜ੍ਹਦੀ ਕਲਾ ਦਾ ਜ਼ਿਕਰ ਕੁਝ ਇੰਜ ਕਰਦੇ ਹਨ –

ਖੀਵੇ ਹੋਏ ਨੇ ਇਸ਼ਨਾਨ ਜੋ ਕੀਤਾ ਤਾਂ ਸੁਆਸ ਅਭਿਆਸ ਦਾ ਐਸਾ ਮਧਾਣਾ ਫਿਰਨ ਲਗਾ ਕਿ ਕਥਿਆ ਹੀ ਨਹੀਂ ਜਾਂਦਾ। .... ਚਲੂਲੇ ਰੰਗਾਂ ਵਿਚ ਮਸਤੁਲ-ਮਸਤ, ਬਿਸਮਾਦੀ ਸੁਆਦਾਂ ਦਾ ਗਟਾਕ ਲੈਂਦਾ ਹੋਇਆ, ਮੂਲ ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਬਿਸਮਾਦ ਮਹਾਂ ਬਿਸਮਾਦ ਹੁੰਦਾ ਜਾਵਾਂ। (ਜੇਲ ਚਿੱਠੀਆ, ਪੰਨਾ ੬੩)

ਸੋ ਚੜ੍ਹਦੀ ਕਲਾ ਇਕ ਅਵਸਥਾ ਹੈ, ਇਕ ਬਿਜਲਾਣੂ ਅਵਸਥਾ ਹੈ ਜੋ ਨਾਮ ਬਾਣੀ ਨਾਲ ਸੁਰ ਹੋ ਕੇ ਹਰੇਕ ਗੁਰਸਿਖ ਮਾਣ ਸਕਦਾ ਹੈ। ਅਜ ਭੀ ਅਨੇਕਾਂ ਗੁਰੂ ਕੇ ਲਾਲ ਨਿਤ ਨਾਮ ਬਾਣੀ ਦੀ ਕਮਾਈ ਸਦਕਾ ਖੀਵੇ ਹੋ ਹੋ ਜਾਂਦੇ ਹਨ ਤੇ ਸਦਾ ਚੜ੍ਹਦੀਆਂ ਕਲਾ ਵਿਚ ਵਿਚਰਦੇ ਹਨ।

ਚੜ੍ਹਦੀ ਕਲਾ ਦੀਆਂ ਕੁਝ ਨਿਸ਼ਾਨੀਆਂ ਹਨ, ਜਿਨ੍ਹਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਅਵਸਥਾ ਚੜ੍ਹਦੀ ਕਲਾ ਵਾਲੀ ਹੈ। ਸ੍ਰੀ ਜਪੁਜੀ ਸਾਹਿਬ ਦੀ ਬਾਣੀ ਵਿਚ ਚਾਰ ਪਉੜੀਆਂ 'ਸੁਣਿਐ' ਦੀਆਂ ਆਉਂਦੀਆਂ ਹਨ। ਹਰ ਪਉੜੀ ਦੇ ਅੰਤ ਵਿਚ ਇਹ ਦੋ ਪੰਗਤੀਆਂ ਹਨ –

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥*

ਭਾਵ ਹੈ, ਨਾਮ-ਰਸੀਏ ਭਗਤ ਜਨਾਂ ਗੁਰਸਿਖਾਂ ਨੂੰ ਅੰਤਰ-ਆਤਮੇ ਸਦਾ ਵਿਗਾਸ ਜਾਂ ਸਦਾ-ਚਾਉ, ਸਦਾ-ਖੇੜਾ ਬਣਿਆ ਰਹਿੰਦਾ ਹੈ। ਉਹਨਾਂ ਦੇ ਮਨ ਅੰਦਰ ਸਧਾਰਨ ਸੰਸਾਰੀ ਮਨੁੱਖਾਂ ਵਾਂਗ ਦੁਖ ਵਿਚ ਦੁਖੀ ਤੇ ਸੁਖ ਵਿਚ ਸੁਖੀ ਹੋਣ ਦੀ ਪਰੰਪਰਾ ਨਹੀਂ ਹੁੰਦੀ। ਉਹ ਦੁਖ ਵਿਚ ਅਤੇ ਸੁਖ ਵਿਚ ਇਕੋ ਰਸ ਰਹਿੰਦੇ ਹਨ। ਭਾਈ ਭਿਖਾਰੀ ਜੀ ਨੂੰ ਭਾਵੇਂ ਅੰਦਰੋਂ ਪਤਾ ਸੀ ਕਿ ਲੜਕੇ ਨੇ ਸ਼ਾਦੀ ਤੋਂ ਤੁਰੰਤ ਬਾਅਦ ਗੁਰਪੁਰੀ ਪਿਆਨੇ ਕਰ ਜਾਣੇ ਹਨ, ਪਰ ਫਿਰ ਭੀ ਉਹਨਾਂ ਨੇ ਕਦੀ ਕਿਸੇ ਨੂੰ ਜ਼ਾਹਰ ਨਹੀਂ ਕੀਤਾ ਅਤੇ ਨਾ ਹੀ ਲੜਕੇ ਦੀ ਮੌਤ ਤੇ ਲੋਕਾ-ਰੀਤ ਅਨੁਸਾਰ ਸੋਗ ਮਨਾਇਆ। ਸਾਖੀ ਵਿਚ ਆਉਂਦਾ ਹੈ ਕਿ ਆਪ ਇਕ ਪਾਸੇ ਲੜਕੇ ਦੀ ਸ਼ਾਦੀ ਦੇ ਪ੍ਰਬੰਧ ਲਈ ਉਦਮ ਕਰ ਰਹੇ ਸਨ, ਪਰ ਦੂਜੇ ਪਾਸੇ ਸਾਰਿਆਂ ਤੋਂ ਗੁਪਤ ਮਰਗ ਸਮੇਂ ਤੇ ਪਰਚਾਉਣੀ ਕਰਨ ਆਉਣ ਵਾਲੇ ਲੋਕਾਂ ਲਈ ਭੇਜੇ ਵਿਛਾਉਣ ਲਈ ਫੂੜੀ ਬੁਣ ਰਹੇ ਸਨ। ਇਹ ਹੈ ਚੜ੍ਹਦੀ ਕਲਾ। ਇਹ ਹੈ ਜੀਉਂਦੀ ਜਾਗਦੀ ਚੜ੍ਹਦੀ ਕਲਾ, ਜੋ ਮਨੁੱਖੀ ਮਨ ਨੂੰ ਡੋਲਣ ਨਹੀਂ ਦਿੰਦੀ। ਸੰਸਾਰ ਹੋਰ ਤਰ੍ਹਾਂ ਸੋਚਦਾ ਹੈ ਤੇ ਕਰਦਾ ਹੈ। ਚੜ੍ਹਦੀ ਕਲਾ ਵਾਲੇ ਦੀ ਸੁਰਤਿ ਸਾਈਂ ਨਾਲ ਸੁਰ ਹੁੰਦੀ ਹੈ, ਉਸਦੀ ਕਹਿਣੀ ਤੇ ਕਰਣੀ ਸੰਸਾਰਕ ਨਹੀਂ ਹੁੰਦੀ। ਨਾਮ ਬਾਣੀ ਦਾ ਆਪਣਾ ਰਸ ਹੈ। ਉਸ ਰਸ ਦੇ ਮੁਕਾਬਲੇ ਸੰਸਾਰ ਦੇ ਰਸ-ਕਸ ਫਿਕੇ ਫਿਕੇ ਲਗਦੇ ਹਨ। ਭਲਾ ਕੋਈ ਸਦਾ-ਵਿਗਾਸ ਨੂੰ ਫਿਕੇ ਰਸਾਂ ਖ਼ਾਤਰ ਛੱਡੇ ਤਾਂ ਕਿਉਂ ਛੱਡੇ?

*ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ॥*
*ਆਨ ਰਸਾ ਮਹਿ ਵਿਆਪੈ ਚਿੰਦ॥੧॥*
*ਹਰਿ ਰਸ ਪੀਵੈ ਅਲਮਸਤੁ ਮਤਵਾਰਾ॥*
*ਆਨ ਰਸਾ ਸਭਿ ਹੋਛੇ ਰੇ॥੧॥ਰਹਾਉ॥ ਅੰਗ – ੩੭੭*

ਅਤੇ –

*ਇਹ ਰਸ ਛਾਡੇ ਉਹ ਰਸੁ ਆਵਾ॥*
*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥*
*ਅੰਗ – ੩੪੨*

ਪਰ ਇਸ ਦੇ ਉਲਟ ਜੋ ਮਨ ਅਜੇ ਫਿਕੇ ਰਸਾਂ ਵਲ ਜਾਂਦਾ ਹੈ, ਤੇ ਸਦਾ-ਵਿਗਾਸ ਵਲੋਂ ਜੀਅ ਚੁਰਾਉਂਦਾ ਹੈ ਤਾਂ ਇਹ ਨਿਸਚੇ ਹੈ ਕਿ ਅਵਸਥਾ ਚੜਦੀ ਕਲਾ ਦੀ ਬਜਾਏ ਢਹਿੰਦੀ ਕਲਾ ਵਲ ਜਾ ਰਹੀ ਹੈ। ਦੁਨੀਆ ਭੁਲੀ ਫਿਰਦੀ ਹੈ। ਹੁਣ ਦੇ ਵਰਤੇ ਘਲੂਘਾਰੇ ਤੋਂ ਪਤਾ ਚਲਦਾ ਹੈ ਕਿ 'ਸਦਾ-ਵਿਗਾਸ' ਦੀ ਥਾਂ 'ਸਦਾ ਉਦਾਸ' ਨੇ ਲੈ ਲਈ ਜਾਪਦੀ ਹੈ, ਜਿਸ ਤੋਂ ਹੁਣ ਸਾਵਧਾਨ ਹੋਣ ਦੀ ਅਤਿ ਲੋੜ ਹੈ। ਸਦਾ-ਵਿਗਾਸ ਲਈ (ਗੁਰਮਤਿ ਡਿਸਿਪਲਿਨ) ਗੁਰਮਤਿ ਰਹਿਤ-ਰਹਿਣੀ ਤੇ ਨਾਮ ਬਾਣੀ ਦੇ ਅਭਿਆਸ ਦੀ ਲੋੜ ਹੈ।

ਚੜ੍ਹਦੀ ਕਲਾ ਦੀ ਦੂਜੀ ਨਿਸ਼ਾਨੀ ਹੈ ਆਤਮਕ ਅਡੋਲਤਾ। ਰਚਣਹਾਰ, ਕਰਤਾਰ ਨੇ ਸੰਸਾਰ ਨੂੰ ਇਕ ਬੜੇ ਵੱਡੇ ਆਕਾਰ ਦੇ ਡਰਾਮੇ ਦਾ ਰੂਪ ਦੇ ਰੱਖਿਆ ਹੈ। ਇਸ ਵਿਚ ਭਰਮ ਭੁਲੇਖੇ ਪੈਰ ਪੈਰ ਤੇ ਪਾਏ ਹੋਏ ਹਨ। ਭਗਤ ਨਾਮਦੇਵ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਇਸ ਭੁਲੇਖੇ ਦਾ ਸੰਕੇਤ ਦਿਤਾ ਹੈ -

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*
*ਜੈਸਾ ਮਾਨੀਐ ਹੋਇ ਨ ਤੈਸਾ॥੧॥ਰਹਾਉ॥*
*ਅੰਗ - ੬੫੭*

*ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ॥*
*ਭ੍ਰਮ ਕਾਟੇ ਗੁਰਿ ਆਪਣੈ, ਪਾਏ ਬਿਸਰਾਮਾ॥੧॥*
*ਅੰਗ - ੪੦੦*

ਦਸਮੇਸ਼ ਜੀ ਨੇ ਜਗਤ ਨੂੰ ਤਮਾਸਾ ਹੀ ਤਾਂ ਕਿਹਾ ਹੈ -

*ਮੈ ਹੋ ਪਰਮ ਪੁਰਖ ਕੋ ਦਾਸਾ॥*
*ਦੇਖਨ ਆਯੋ ਜਗਤ ਤਮਾਸ਼ਾ॥੩੩॥*
*ਬਚਿਤ੍ਰ ਨਾਟਕ, ਧਿਆਇ ੬*

ਜਗਤ-ਤਮਾਸ਼ੇ ਵਿਚ ਡੋਲਣਾ ਆਮ ਗੱਲ ਹੈ। ਹਰੇਕ ਪ੍ਰਾਣੀ ਡੱਕੇ-ਡੋਲੇ ਖਾਂਦਾ ਹੋਇਆ ਜੋਬਨ ਹਾਰ ਕੇ, ਮਾਣਸ ਜਨਮ ਹਾਰ ਕੇ ਇਸ ਸੰਸਾਰ ਦੀ ਯਾਤਰਾ ਪੂਰੀ ਕਰ ਰਿਹਾ ਹੈ। ਗੁਰਬਾਣੀ ਸਿਖ ਨੂੰ ਪ੍ਰਭੂ ਅਗੋਂ ਡੋਲਣ ਤੋਂ ਬਚਾਅ ਲਈ ਅਰਦਾਸ ਕਰਨੀ ਸਿਖਾਉਂਦੀ ਹੈ -

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥੨੯॥*
*ਅੰਗ - ੨੫੬*

ਆਤਮਕ ਪੰਧ ਦਾ ਪਾਂਧੀ ਜਿੰਨਾ ਚਿਰ ਚੜਦੀ ਕਲਾ ਦੀ ਅਵਸਥਾ ਦਾ ਰੰਗ ਨਹੀਂ ਮਾਣਦਾ, ਉਹ ਡੋਲ ਸਕਦਾ ਹੈ। ਮਾਇਆ ਦੇ ਕਈ ਪ੍ਰਕਾਰ ਦੇ ਛਲਾਵੇ ਹਨ, ਉਹ ਕਿਸੇ ਦਾ ਸ਼ਿਕਾਰ ਹੋ ਸਕਦਾ ਹੈ। ਪੰਜੇ ਕਾਮਾਦਿਕ ਹੀ ਸਾਹ ਨਹੀਂ ਲੈਣ ਦਿੰਦੇ। ਪਰ ਚੜਦੀ ਕਲਾ ਤੇ ਫਿਰ ਉਸਦੇ ਨਾਲ ਨਾਲ ਗੁਰੂ ਪਾਤਸ਼ਾਹ ਦੀ ਕਿਰਪਾ-ਦ੍ਰਿਸ਼ਟੀ ਪ੍ਰਾਣੀ ਨੂੰ ਡਗਮਗਾਉਣ ਤੋਂ ਬਚਾਈ ਰਖਦੀ ਹੈ। ਭਗਤ ਕਬੀਰ ਜੀ ਨੂੰ ਵੇਲੇ ਦੇ ਹਾਕਮ ਨੇ ਜ਼ੰਜੀਰਾਂ ਨਾਲ ਜਕੜ ਕੇ ਗੰਗਾ ਵਿਚ ਸੁੱਟ ਦਿੱਤਾ। ਪਰ ਇਸ ਪਸਰ ਰਹੇ ਮਾਇਆ ਜਾਲ ਵਿਚ ਇਕ ਅਧਿਭਤ ਕ੍ਰਿਸ਼ਮਾ ਵਰਤਿਆ, ਜ਼ੰਜੀਰਾਂ ਟੁਟ ਗਈਆਂ, ਦਰਿਆ ਦੇ ਪਾਣੀ-ਤਲ ਤੇ ਕਬੀਰ ਜੀ ਮ੍ਰਿਗਛਾਲਾ ਤੇ ਬੈਠੇ ਦਿਖਾਈ ਦਿਤੇ ਤੇ ਇਉਂ ਕਹਿ ਰਹੇ ਸਨ, ਹਾਕਮ ਦੇ ਕਰਿੰਦਿਆਂ ਨੂੰ-

*ਗੰਗ ਗੁਸਾਇਨਿ ਗਹਿਰ ਗੰਭੀਰ॥*
*ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥*
*ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥*
*ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥*
*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥*
*ਮ੍ਰਿਗਛਾਲਾ ਪਰ ਬੈਠੇ ਕਬੀਰ॥੨॥*
*ਕਹਿ ਕਬੀਰ ਕੋਊ ਸੰਗ ਨ ਸਾਥ॥*
*ਜਲ ਥਲ ਰਾਖਨ ਹੈ ਰਘੁਨਾਥ॥੩॥ ਅੰਗ - ੧੧੬੨*

ਇਥੇ ਕਬੀਰ ਜੀ ਇਕ ਡੂੰਘੀ ਵਿਚਾਰ ਸਾਹਮਣੇ ਰੱਖ ਰਹੇ ਹਨ ਕਿ ਤਨ ਦੇ ਕੰਬਣ ਤੋਂ ਪਹਿਲਾਂ ਮਨ ਕੰਬਦਾ ਹੈ। ਤਨ ਦੇ ਡੋਲਵੇਂ ਆਚਰਣ ਵਿਚ ਫਿਸਲਣ ਤੋਂ ਪਹਿਲਾਂ ਹਮੇਸ਼ਾ ਮਨ ਹੀ ਡੋਲਦਾ ਹੈ। ਪਰ ਜੇ ਮਨ ਨ ਡੋਲੇ ਤਾਂ ਤਨ ਕਦੀ ਵੀ ਅੰਦਰਲੀ ਡੋਲ ਨੂੰ ਪਰਗਟ ਨਹੀਂ ਕਰਦਾ। ਕਬੀਰ ਜੀ ਡੋਲੇ ਨਾ, ਸਗੋਂ ਚੜ੍ਹਦੀ ਕਲਾ ਵਿਚ ਅਡੋਲ ਰਹੇ। ਭਰਮ-ਡਰਾਵਾ ਨਿਰੰਕਾਰੀ ਕਲਾ ਦੁਆਰਾ ਟੁਟ ਗਿਆ। ਕਬੀਰ ਜੀ ਕਹਿੰਦੇ ਹਨ ਕਿ ਜੇ ਮੇਰਾ ਮਨ ਨਹੀਂ ਡਰ ਰਿਹਾ ਅਤੇ ਮੇਰੀ ਸੁਰਤਿ ਕਰਤੇ ਪੁਰਖ ਦੇ ਚਰਨਾਂ ਵਿਚ ਜੁੜੀ ਹੋਈ ਹੈ ਤਾਂ ਤਨ ਨੂੰ ਤਸੀਹਿਆਂ ਦਾ ਡਰ ਦੇਣ ਦਾ ਕੀ ਲਾਭ?

ਇਉਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਮਰ ਕੈਦ ਦੇ ਦੌਰਾਨ ਅਕਹਿ ਤੇ ਅਸਹਿ ਕਸ਼ਟ ਦਿਤੇ ਗਏ, ਪਰ ਗੁਰੂ ਕਿਰਪਾ ਨਾਲ ਸੁਰਤਿ ਜੋੜੀ ਰਖਣ ਸਦਕਾ ਉਹ ਡੋਲੇ ਨਹੀਂ। ਨਾਗਪੁਰ ਜੇਲ੍ਹ ਦਾ ਜ਼ਿਕਰ ਹੈ ਜਿਥੇ ਆਪ ਜੀ ਨੂੰ ਜਬਰੀ ਖ਼ੁਰਾਕ ਦੇਣ ਦਾ ਜਤਨ ਕੀਤਾ ਗਿਆ, ਦੰਦ ਤੇ ਦਾੜ੍ਹਾਂ ਭੀ ਤੋੜੀਆਂ ਗਈਆਂ, ਪਰ ਆਪ ਗੁਰੂ ਕਿਰਪਾ ਨਾਲ ਅਡੋਲ ਰਹੇ। ਇਸ ਵਾਰਤਾ ਨੂੰ ਜੇਲ੍ਹ ਚਿੱਠੀਆਂ ਵਿਚੋਂ ਪੜ੍ਹ ਕੇ ਦੰਗ ਰਹਿ ਜਾਈਦਾ ਹੈ। ਅਡੋਲਤਾ ਤਾਂ ਹੀ ਪ੍ਰਾਪਤ ਹੁੰਦੀ ਹੈ ਜੇਕਰ ਸੁਰਤਿ ਦੀ ਡੋਰੀ ਨਾਲ ਕਸਵੀਂ ਜੁੜੀ ਹੋਵੇ।

*(ਬਾਕੀ ਪੰਨਾ 35 'ਤੇ)*

# ਸਿੱਖ ਹੋਇ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ ॥

*(ਗੁਰਮਤਿ ਮਿਸ਼ਨ ਸੇਵਾ ਸੁਸਾਇਟੀ)*

ਉਪਰੋਕਤ ਗੁਰ ਹੁਕਮ ਮੁਤਾਬਿਕ ਸਿੱਖ ਵਾਸਤੇ ਟੋਪੀ ਪਾਉਣੀ ਵਿਵਰਜ਼ਤ ਹੈ। ਪਰ ਅੱਜ ਅਸੀਂ ਫ਼ੈਸ਼ਨ ਦੇ ਰੋੜ ਵਿੱਚ ਰੁੜੇ ਜਾਂਦਿਆਂ ਇਸ ਹੁਕਮ ਦੀ ਪਰਵਾਹ ਨਹੀਂ ਕਰ ਰਹੇ। ਅੱਜ ਗੁਰਮਤਿ ਦੇ ਵਿਰੋਧੀਆਂ ਨੇ ਟੋਪੀ ਨੂੰ ਸਿੱਖਾਂ ਵਿੱਚ ਪ੍ਰਚਲਤ ਕਰਨ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ। ਅਖਬਾਰਾਂ ਰਸਾਲਿਆਂ ਵਿੱਚ ਨਿੱਤ ਨਵੇਂ ਨਵੇਂ ਚਿੱਤਰਾਂ ਰਾਹੀਂ ਸਿੱਖਾਂ ਨੂੰ ਸਿਰਾਂ ਤੇ ਟੋਪੀ ਪਾਈ ਵਿਖਾਇਆ ਜਾਂਦਾ ਹੈ। ਟੈਲੀਵਿਯਨ ਵਿੱਚ ਤਾਂ, ਸਿੱਖਾਂ ਦਾ ਟੋਪੀ ਪਾਉਣਾ ਰਾਸ਼ਟਰੀ ਏਕਤਾ ਦਾ ਪ੍ਰਤੀਕ ਤੱਕ ਦਰਸਾਇਆ ਜਾ ਰਿਹਾ ਹੈ। ਅਜ ਕਲ ਜਨਮ ਦਿਨਾਂ ਦੀਆਂ ਨਵੇਂ ਸਾਲ ਦੀਆਂ ਪਾਰਟੀਆਂ ਰਾਹੀਂ ਨਿਆਣੇ ਸਿਆਣਿਆਂ ਦੇ ਸਿਰਾਂ ਤੇ ਚਮਕੀਲੇ ਰੰਗਾਂ ਦੀਆਂ ਟੋਪੀਆਂ ਪਾਉਣ ਦਾ ਰਿਵਾਜ਼ ਪ੍ਰਚਲਤ ਕੀਤਾ ਜਾ ਰਿਹਾ ਹੈ। ਐਨ.ਸੀ.ਸੀ. ਵਿੱਚ ਸਿੱਖ ਬੀਬੀਆਂ ਨੂੰ ਟੋਪੀ ਪਹਿਨਾਈ ਜਾਂਦੀ ਹੈ। ਟੋਪੀਆਂ ਦੇ ਐਸੇ ਐਸੇ ਡਿਜ਼ਾਇਨ ਤਿਆਰ ਕਰਕੇ ਮਾਰਕੀਟ ਵਿੱਚ ਲਿਆਂਦੇ ਜਾ ਰਹੇ ਹਨ ਤਾਂ ਕਿ ਇਸ ਨੂੰ ਜੂੜੇ (ਸਿੱਖਾਂ ਦੇ ਸਿਰਾਂ ਤੇ) ਸਮੇਤ ਵੀ ਸਿਰ ਤੇ ਪਹਿਨਿਆ ਜਾ ਸਕੇ ਤਾਂ ਕਿ ਸਿੱਖ ਨੌਜਵਾਨਾਂ ਵਿੱਚ ਟੋਪੀ ਪਾਉਣ ਦਾ ਰਿਵਾਜ਼ ਜਿਹਾ ਪੈ ਜਾਵੇ ਤੇ ਉਹਨਾਂ ਨੂੰ ਇਸ ਵਿੱਚ ਕੁਝ ਕੁ ਸਫ਼ਲਤਾ ਵੀ ਮਿਲੀ ਹੈ ਤੇ ਇਹ ਰੁਝਾਨ ਦਿਨ ਬ ਦਿਨ ਜ਼ੋਰ ਪਕੜਦਾ ਜਾ ਰਿਹਾ ਹੈ।

ਇੱਕ ਵਾਰੀ ਚੰਡੀਗੜ੍ਹ ਵਿੱਚ ਸਰਕਾਰੀ ਹੁਕਮ ਹੋਏ (ਜਿਵੇਂ ਅੱਜਕਲ ਵੀ ਇਹ ਹੁਕਮ ਹੈ) ਕਿ ਕੋਈ ਵੀ ਬਚਾਓ ਟੋਪ (ਸੇਫ਼ਟੀ ਹੈਲਮਿਟ) ਪਾਏ ਬਗੈਰ ਸਕੂਟਰ, ਮੋਟਰ ਸਾਇਕਲ ਨਹੀਂ ਚਲਾ ਸਕਦਾ, ਸਿਵਾਏ ਉਸਦੇ ਜਿਸਨੇ ਸਿਰ ਉਪਰ ਦਸਤਾਰ ਸਜਾਈ ਹੋਵੇ। ਇਹਨਾਂ ਹੁਕਮਾਂ ਨਾਲ ਦਸਤਾਰ ਧਾਰੀ ਸਿੱਖ ਬੀਬੀਆਂ ਨੂੰ ਤਾਂ ਕੋਈ ਕੁੱਝ ਨਾ ਕਹੇ ਪਰ ਦਸਤਾਰ ਰਹਿਤ ਸਿੱਖ ਬੀਬੀਆਂ ਦੇ 'ਚਲਾਣ' ਹੋਣੇ ਸ਼ੁਰੂ ਹੋ ਗਏ ਕਿਉਂਕਿ ਗੱਡੀ ਚਲਾਉਂਦਿਆਂ ਬਚਾਓ ਟੋਪ ਜਾਂ ਦਸਤਾਰ ਸਿਰ ਤੇ ਪਹਿਨਣੀ ਲਾਜ਼ਮੀ ਸੀ। ਇਹ ਮਾਮਲਾ ਕਾਫ਼ੀ ਜ਼ੋਰ ਫੜ ਗਿਆ। ਸਿੱਖ ਬੀਬੀਆਂ ਨੇ ਗੁਰ ਹੁਕਮ ਤੇ ਚਲਦਿਆਂ ਉਪਰੋਕਤ ਟੋਪ ਪਾਉਣ ਦੀ ਵਿਰੋਧਤਾ ਕੀਤੀ। ਸਰਕਾਰ ਨੇ ਸ਼੍ਰੋਮਣੀ ਕਮੇਟੀ ਤੋਂ ਇਸ ਮਾਮਲੇ ਵਿੱਚ ਸਲਾਹ ਮੰਗੀ। ਉਸ ਵੇਲੇ ਸ਼੍ਰੋਮਣੀ ਕਮੇਟੀ ਨੇ ਟੋਪੀ ਤੋਂ ਬਚਣ ਲਈ ਇਹ ਲਿਖ ਕੇ ਦਿੱਤਾ ਕਿ ਸਿੱਖ ਬੀਬੀਆਂ ਸਿਰ ਤੇ ਦਸਤਾਰ ਸਜਾਉਂਦੀਆਂ ਹਨ ਇਸ ਲਈ ਟੋਪ ਪਾਉਣ ਲਈ ਇਹਨਾਂ ਨੂੰ ਨਾ ਕਿਹਾ ਜਾਵੇ। ਸਿੱਖ ਨੂੰ ਤਾਂ ਦਸਤਾਰ ਵੀ, ਟੋਪੀ ਵਾਂਗ ਬੰਨ੍ਹਣੀ ਤੇ ਉਤਾਰਨੀ ਵਿਵਰਜਿਤ ਹੈ। ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਸਿੱਖ ਦੀ ਸੁੰਦਰ ਬੰਨ੍ਹੀ ਦਸਤਾਰ ਦੇਖ ਕੇ ੫੦੦ ਮੋਹਰ ਇਨਾਮ ਦੇਣ ਦਾ ਹੁਕਮ ਕੀਤਾ ਪਰ ਜਦ ਉਸਨੂੰ ਪਤਾ ਲੱਗਾ ਕਿ ਇਹ ਦਸਤਾਰ ਉਸਨੇ ਇੱਕ ਦਿਨ ਪਹਿਲਾਂ ਦੀ ਬੰਨ੍ਹੀ ਹੋਈ ਹੈ ਤਾਂ ਮਹਾਰਾਜਾ ਜੀ ਨੇ ਉਸ ਸਿੱਖ ਨੂੰ ੫੦੦ ਮੋਹਰਾਂ ਜੁਰਮਾਨਾ ਕਰ ਦਿੱਤਾ ਤੇ ਕਿਹਾ ਕਿ ਤੂੰ ਰੋਜ਼ਾਨਾ ਦਸਤਾਰ ਸਜਾਉਣ ਦੇ ਹੁਕਮ ਦੀ ਹੁਕਮ ਅਦੂਲੀ ਕੀਤੀ ਹੈ। ਰੋਜ਼ਾਨਾ ਦਸਤਾਰ ਸਜਾਉਣਾ ਲਾਜ਼ਮੀ ਇਸੇ ਲਈ ਹੀ ਕੀਤਾ ਗਿਆ ਸੀ ਕਿ ਸਿੱਖਾਂ ਵਿੱਚ ਕਿਤੇ ਟੋਪੀ ਦੀ ਵਰਤੋਂ ਪ੍ਰਚਲਤ ਨਾ ਹੋ ਜਾਵੇ, ਜਿਵੇਂ ਦਾਹੜਾ ਬੰਨ੍ਹਣ ਤੋਂ ਦਾਹੜਾ ਕੱਟਣ ਦਾ ਕੋਝਾ ਰਿਵਾਜ ਪਿਆ।

ਸੋ ਪੰਥਕ ਹਿਤੈਸ਼ੀਆਂ ਨੂੰ ਇਸ ਪੱਖੋਂ ਸੁਚੇਤ ਹੋਣਾ ਚਾਹੀਦਾ ਹੈ। ਸਿਰ ਤੇ ਟੋਪ ਪਾਉਣਾ, ਕੇਸ ਕਤਲ ਕਰਾਉਣ ਤੱਕ ਪਹੁੰਚਾ ਦਿੰਦਾ ਹੈ। ਇਸ ਵੱਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਲਈ (ਸਿੱਖੀ ਮਾਰਗ ਤੇ ਚਲਦਿਆਂ) ਹਰ ਤਰ੍ਹਾਂ ਦਾ ਯਤਨ ਕਰਨਾ ਚਾਹੀਦਾ ਹੈ। ਆਓ ਅੱਜ ਤੋਂ ਹੀ ਆਪਣੇ ਬੱਚਿਆਂ ਨੂੰ ਕਿਸੇ ਹਾਲਤ ਵਿੱਚ ਵੀ ਟੋਪੀ ਪਾਉਣ ਤੋਂ ਰੋਕੀਏ ਤੇ ਹੋਰਨਾਂ ਨੂੰ ਵੀ ਇਸ ਬਾਰੇ ਜਾਣਕਾਰੀ ਦੇਈਏ। ਟੋਪੀ ਦੇ ਖਿਲਾਫ਼ ਇੱਕ ਪੰਥਕ ਲਹਿਰ ਪੈਦਾ ਕਰ ਦੇਈਏ।

ਯਾਦ ਰਖੋ ਹਮੇਸ਼ਾਂ ਛੋਟੀਆਂ ਛੋਟੀਆਂ ਗੱਲਾਂ ਦੇ ਵੱਡੇ ਵੱਡੇ ਨਤੀਜੇ ਨਿਕਲਦੇ ਹਨ ਪਰ ਹਰ ਸੁਧਾਰ ਪਹਿਲਾਂ ਆਪਣੇ ਘਰ ਤੋਂ ਸ਼ੁਰੂ ਕਰਨਾ ਪੈਂਦਾਂ ਹੈ।

# ਅਖੰਡ ਕੀਰਤਨੀ ਜਥਾ
## (ਕੁਝ ਆਸ਼ੇ ਤੇ ਮੰਤਵ)

ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਕੀਰਤਨ ਦੀ ਭੁਖ ਪੂਰੀ ਕਰਨ ਲਈ ਚਲਾਇਆ। ਉਨ੍ਹਾਂ ਦੇ ਸਾਥੀ ਜੋ ਪ੍ਰਭੂ ਪ੍ਰੇਮ ਅਤੇ ਬਾਣੀ ਦੇ ਕੀਰਤਨ ਲਈ ਇਕੱਠੇ ਹੁੰਦੇ ਸਨ, ਉਨ੍ਹਾਂ ਦੇ ਛੋਟੇ ਜਿਹੇ ਜਥੇ ਦਾ ਨਾਮ ਅਖੰਡ ਕੀਰਤਨੀ ਜਥਾ ਪਿਆ। ਇਹ ਸਿਰਫ ਨਿਰੋਲ ਨਾਮ ਰਸੀਏ, ਪਰਉਪਕਾਰੀ, ਕਿਰਤ ਕਰਕੇ ਵੰਡ ਕੇ ਛਕਣ ਵਾਲਿਆਂ ਦਾ ਜਥਾ ਸੀ, ਅਤੇ ਅੱਜ ਵੀ ਅਸੂਲ ਉਹੀ ਹਨ, ਸਮੇਂ ਦੇ ਨਾਲ ਨਾਲ ਗਿਣਤੀ ਵਧ ਗਈ ਹੈ, ਸਤਿਗੁਰੂ ਦੇ ਪ੍ਰੇਮੀ ਕੀਰਤਨ ਸੁਣ ਸੁਣ ਕੇ ਨਾਲ ਰਲਦੇ ਗਏ। ਇਸ ਜਥੇ ਦੀ ਕੋਈ ਮੈਂਬਰਸ਼ਿਪ ਨਹੀਂ, ਕੋਈ ਚੰਦਾ ਨਹੀਂ। ਕੀਰਤਨ, ਅਖੰਡ ਪਾਠ ਤੇ ਅੰਮ੍ਰਿਤ ਪ੍ਰਚਾਰ ਹੁੰਦੇ ਹਨ। ਪੁਲੀਟੀਕਲ ਲੈਕਚਰ, ਕਿਸੇ ਕਿਸਮ ਦਾ ਬਾਣੀ ਤੋਂ ਬਗੈਰ ਪ੍ਰਚਾਰ, ਇਥੋਂ ਤਕ ਕਿ ਕਥਾ ਵੀ ਨਹੀਂ ਕੀਤੀ ਜਾਂਦੀ। ਸੋ ਜਿਸ ਜਥੇ ਦੇ ਕਿਸੇ ਵੀ ਇਕੱਠ ਵਿਚ ਕੀਰਤਨ ਉਪ੍ਰੰਤ, ਅਰਦਾਸ ਤੇ ਸਮਾਪਤੀ ਤੋਂ ਇਲਾਵਾ ਕਿਸੇ ਨੂੰ ਕੁਝ ਕਹਿਣ ਦੀ ਆਗਿਆ ਹੀ ਨਹੀਂ ਉਹ ਕਿਸੇ ਵਿਅਕਤੀ ਨੂੰ ਗੁਰੂ ਘਰ ਤੋਂ ਇਲਾਵਾ ਹੋਰ ਕੀ ਪ੍ਰੋਗਰਾਮ ਦੇਵੇਗਾ ਤੇ ਕਿਵੇਂ ਕਿਸੇ ਹੋਰ ਰਾਹ ਤੇ ਤੋਰੇਗਾ?

ਅੰਮ੍ਰਿਤ ਪ੍ਰਚਾਰ ਵੇਲੇ ਅੰਮ੍ਰਿਤ ਛਕਣ ਵਾਲੇ ਪ੍ਰਾਣੀ ਹਾਜ਼ਰ ਹੁੰਦੇ ਹਨ। ਉਸ ਦੀ ਗੁਰੂ ਘਰ ਦੀ ਸ਼ਰਧਾ ਤੇ ਪਿਆਰ ਨੂੰ ਦੇਖ ਕੇ ਉਸ ਨੂੰ ਅੰਮ੍ਰਿਤ ਹੀ ਛਕਾਇਆ ਜਾਂਦਾ ਹੈ, ਉਸ ਦਾ ਐਡਰੈਸ, ਅੱਗਾ ਪਿਛਾ ਕੁਝ ਨਹੀਂ ਪੁੱਛਿਆ ਜਾਂਦਾ। ਉਸ ਨੂੰ ਇਹ ਵੀ ਨਹੀਂ ਪ੍ਰੇਰਿਆ ਜਾਂਦਾ ਕਿ ਤੂੰ ਹੁਣ ਤੋਂ ਸਿਰਫ ਸਾਡੇ ਪਾਸ ਹੀ ਕੀਰਤਨ ਸੁਣਨ ਆਈਂ। ਹਰ ਇਕ ਨੂੰ ਖੁੱਲ੍ਹ ਹੈ ਕਿ ਉਹ ਕਿਤੇ ਵੀ ਸਤਸੰਗਤ ਕਰੇ, ਕਿਰਤ ਕਰੇ, ਆਪਣੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰੇ। ਅਖੰਡ ਕੀਰਤਨੀ ਜਥੇ ਦੇ ਜਿਤਨੇ ਕੁ ਸਿੰਘ ਸਿੰਘਣੀਆਂ ਕਿਸੇ ਭੀ ਸ਼ਹਿਰ ਕੀਰਤਨ ਲਈ ਇਕੱਤਰ ਹੁੰਦੇ ਹਨ ਉਨ੍ਹਾਂ ਦੀ ਸਾਂਝ ਸਿਰਫ ਕੀਰਤਨ, ਨਾਮ, ਬਾਣੀ ਤਕ ਹੀ ਸੀਮਤ ਹੈ, ਕਿਸੇ ਦੀ ਪ੍ਰਾਈਵੇਟ ਜ਼ਿੰਦਗੀ ਉਪਰ ਜਥੇ ਦਾ ਕੋਈ ਅਧਿਕਾਰ ਨਹੀਂ। ਸੋ ਜੇ ਕੋਈ ਪ੍ਰਾਣੀ 'ਜਥੇ ਪਾਸੋਂ" ਅੰਮ੍ਰਿਤ ਛਕ ਕੇ ਕਿਸੇ ਹੋਰ ਸੰਸਥਾ ਨਾਲ, ਪੁਲੀਟੀਕਲ ਪਾਰਟੀ ਨਾਲ ਜਾਂ ਇਕੱਲੇ ਤੌਰ ਤੇ ਕੋਈ ਵੀ ਕੰਮ ਕਰਦਾ ਹੈ, ਉਹ ਉਸ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੈ, ਅਖੰਡ ਕੀਰਤਨੀ ਜਥਾ, ਜਥੇ ਦੇ ਤੌਰ ਤੇ ਉਸ ਦੀ ਕਰਨੀ ਲਈ ਜ਼ਿੰਮੇਵਾਰ ਨਹੀਂ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਮੁਲਕ ਦੀ ਅਜ਼ਾਦੀ ਦੇ ਸੰਘਰਸ਼ ਵਿਚ ਜੋ ਮਹਾਨ ਹਿੱਸਾ ਪਾਇਆ, ਉਹ ਕਿਸੇ ਤੋਂ ਛੁਪਿਆ ਨਹੀਂ। ਜੇ ਅੱਜ ਸਰਕਾਰ ਇਸ ਤੋਂ ਜਾਣ ਕੇ ਅੱਖਾਂ ਮੀਟ ਲਏ ਤਾਂ ਵਖਰੀ ਗੱਲ ਹੈ। ਉਨ੍ਹਾਂ ਸੋਲ੍ਹਾਂ ਸਾਲ ਦੀ ਕਰੜੀ, ਤਸੀਹਿਆਂ ਭਰਪੂਰ ਅੰਗਰੇਜ਼ ਦੀ ਕੈਦ ਕਟੀ, ਅਜ਼ਾਦੀ ਦੀ ਲੜਾਈ ਲੜੀ। ਇਹ ਦੇਸ਼ ਭਗਤੀ ਦੀ ਹੂਬ ਵੀ ਧਰਮੀ ਜੀਵਨ ਵਿਚੋਂ ਪੈਦਾ ਹੋਈ ਤੇ ਫਿਰ ਡੋਲੀ ਨਹੀਂ। ਉਹ ਉੱਤਮ ਦਰਜੇ ਦੇ ਦੇਸ਼ ਭਗਤ ਸਨ, ਪਰ ਪਹਿਲੋਂ ਰਹਿਤ ਰਹਿਣੀ ਵਿਚ ਪੱਕੇ ਗੁਰਸਿੱਖ ਸਨ। ਜਥਾ ਉਨ੍ਹਾਂ ਹੀ ਪੂਰਨਿਆਂ ਤੇ ਚੱਲ ਰਿਹਾ ਹੈ, ਬਦਲਿਆ ਨਹੀਂ। ਭਾਈ ਸਾਹਿਬ ਨੇ ਜਾਇਦਾਦ ਕੁਰਕ ਕਰਾਈ, ਕਈ ਵਰ੍ਹੇ ਮਗਰੋਂ ਭਾਰਤ ਸਰਕਾਰ ਨੇ ਵੀ ਨਾ ਛੱਡੀ, ਉਨ੍ਹਾਂ ਉਸ ਲਈ ਵੀ ਨਾ ਕਿਹਾ। ਕੋਈ ਪੈਨਸ਼ਨ ਸਨਮਾਨ ਨਹੀਂ ਲਿਆ, ਜੋ ਕੀਤਾ, ਕਰਕੇ, ਚੌਧਰ, ਵਡਿਆਈ, ਭੁਲਾ ਦਿੱਤਾ।

ਅੱਜ ਵੀ ਇਹ ਜਥਾ ਕੋਈ ਪੁਲੀਟੀਕਲ ਵਜ਼ੀਰੀਆਂ, ਟਿਕਟਾਂ ਨਹੀਂ ਮੰਗਦਾ। ਧਰਮ ਦੀ ਕਿਰਤ ਕਰਕੇ ਵੰਡ ਛਕਣਾ ਤੇ ਧਰਮੀ ਜੀਵਨ ਜੀਣਾ ਹੀ ਮੁੱਖ ਉਦੇਸ਼ ਹੈ। ਜੇ ਕੋਈ ਕੱਲਾ ਦੁਕੱਲਾ ਕਿਸੇ ਹੋਰ ਪਾਸੇ ਚਲਦਾ ਹੈ ਉਹ ਉਸ ਦੀ ਆਪਣੀ ਜ਼ੁੰਮੇਵਾਰੀ ਹੈ।

# ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥

*[ਭਾਈ ਰਾਮ ਸਿੰਘ ਜੀ]*

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥*
*ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥੧੯॥*
*ਅੰਗ - ੯੬੪*

ਮੁਖਵਾਕ ਅਨੁਸਾਰ ਮੀਰੀ ਪੀਰੀ ਦੇ ਮਾਲਕ ਦਸੇ ਗੁਰੂ ਸਾਹਿਬਾਨ ਤੇ ਜੁਗੋ ਜੁੱਗ ਅੱਟਲ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਕੇਵਲ ਸਚੇ ਪਾਤਸ਼ਾਹ ਹੋਏ ਜੋ ਇਸ ਵੇਲੇ ਹਨ ਤੇ ਸਦਾ ਰਹਿਣਗੇ। ਇਹਨਾਂ ਤੁੱਲ ਨਾ ਕੋਈ ਹੋਰ ਹੋਇਆ, ਨਾ ਹੈ, ਤੇ ਨਾ ਹੋਵੇਗਾ। ਇਸੇ ਕਰਕੇ ਇਹਨਾਂ ਦੀ ਪਦਵੀ ਭੀ ਸਭ ਤੋਂ ਉਚੀ ਤੇ ਸੁੱਚੀ, ਦਰਬਾਰ ਭੀ ਉੱਚਾ ਤੇ ਸੁੱਚਾ ਤੇ ਅਲਾਹੀ ਤਖ਼ਤ ਭੀ ਸਰਵੋਤਮ ਤੇ ਸੱਚਾ ਸੁੱਚਾ ਹੈ। ਤਾਹੀਉਂ ਤਾਂ ਇਹ ਸਚੇ ਪਾਤਸ਼ਾਹ ਹਰ ਤਰ੍ਹਾਂ ਦੇ ਉਚੇ ਸੁੱਚੇ 'ਤੇ ਵੱਧ ਤੋਂ ਵੱਧ ਆਦਰ ਸਤਿਕਾਰ ਮਾਣਦੇ ਹਨ ਤੇ ਮਾਣਦੇ ਰਹਿਣਗੇ। ਇਤਿਹਾਸ ਵਿੱਚ ਆਮ ਛੋਟੇ ਮੋਟੇ ਮਹਾਰਾਜੇ ਆਦਿ ਭੀ ਆਪਣਾ ਆਦਰ ਸਤਿਕਾਰ ਕਹਾਉਂਦੇ ਨਜ਼ਰ ਆਉਂਦੇ ਹਨ। ਤਖਤ ਤੇ ਬੈਠਣਾ, ਫੁਰਮਾਨ ਜਾਰੀ ਕਰਨਾ ਤੇ ਮੰਨਵਾਉਣਾ ਅਤੇ ਹੋਰ ਕਈ ਤਰ੍ਹਾਂ ਦੇ ਆਦਰ ਸਤਿਕਾਰ ਦੇ ਨਾਲ ਨਾਲ ਸਭ ਤੋਂ ਢੁੱਕਵਾ ਆਦਰ ਸਤਿਕਾਰ ਉਹ ਆਪਣੇ ਸਿਰਾਂ ਉਪਰ ਚੌਰ ਕਰਵਾਉਂਦੇ ਰਹੇ ਹਨ। ਭਾਵੇਂ ਉਹ ਰਾਜੇ ਮਹਾਰਾਜੇ, ਸਮਰਾਟ, ਸ਼ਹਿਨਸ਼ਾਹ ਆਦਿ ਧੁਰ ਕੀ ਬਾਣੀ ਅਨੁਸਾਰ ਚਾਰ ਦਿਨ ਦਾ ਦਿਖਾਵਾ ਕਰਕੇ ਚਲਦੇ ਬਣਦੇ ਹਨ ਤੇ ਸਚੇ ਪਾਤਸ਼ਾਹ ਦੀ ਕਿਸੇ ਪੱਖੋਂ ਭੀ ਬਰਾਬਰੀ ਕਰਨ ਦੇ ਅਸਮਰਥ ਹੁੰਦੇ ਹਨ। ਜਿਵੇਂ-

*ਕੋਊ ਹਰਿ ਸਮਾਨਿ ਨਹੀ ਰਾਜਾ॥*
*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ਰਹਾਉ॥੫॥ ਅੰਗ - ੮੫੬*

ਸੋ ਜੋ ਆਦਰ ਸਤਿਕਾਰ ਦਾ ਚਿੰਨ-ਚੌਰ ਇਹਨਾਂ ਕੁਛ ਦਿਨਾਂ ਦੀ ਸਰਦਾਰੀ ਕਰਨ ਵਾਲਿਆਂ ਰਾਜਿਆਂ ਆਦਿ ਤੇ ਕੀਤਾ ਜਾਂਦਾ ਰਿਹਾ, ਜਾਂ ਹੋ ਸਕਦਾ ਹੈ ਤਾਂ ਸੱਚੇ ਸੁੱਚੇ ਸਤਿਗੁਰੂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਤੇ ਜੁਗੋ ਜੁਗ ਅੱਟਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਤਾਂ ਧੁਰੋਂ ਬਖਸ਼ੇ ਆਦਰ ਸਤਿਕਾਰ ਦੇ ਵੱਖ ਵੱਖ ਚਿੰਨ੍ਹਾਂ ਵਿੱਚ ਚੋਰ ਇਕ ਬਹੁਤ ਵੱਡਾ ਅਸਥਾਨ ਰੱਖਦਾ ਹੈ। ਪਰਮਾਤਮਾ ਦੀ ਹਰ ਥਾਂ ਹੋਂਦ ਤੇ ਉਸ ਹੋਂਦ ਦੇ ਸਤਿਕਾਰ ਵਜੋਂ ਪਰਮਾਤਮਾ ਤੇ ਹਰ ਸਮੇਂ ਹੋ ਰਹੇ ਚੌਰ ਦੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਕਿੰਨੀ ਸੁਹਣੀ ਤਸਵੀਰ ਪੇਸ਼ ਕੀਤੀ ਹੈ -

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ*
*ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ*
*ਸਗਲ ਬਨਰਾਇ ਫੂਲੰਤ ਜੋਤੀ॥੧॥ ਅੰਗ - ੬੬੩*

ਅਤੇ ਪਰਮਾਤਮਾ ਸਭ ਸ੍ਰਿਸ਼ਟੀ ਵਿੱਚ ਆਪਣੀ ਹੋਂਦ ਹੋਣ ਕਰਕੇ ਸਾਰੀ ਸ੍ਰਿਸ਼ਟੀ ਨੂੰ ਏਨਾ ਪਿਆਰ ਕਰਦਾ ਹੈ ਕਿ ਉਹ ਆਪਣੇ ਵਲੋਂ ਸਭ ਸ੍ਰਿਸ਼ਟੀ ਉਪਰ ਚੌਰ ਕਰ ਰਹੇ ਹਨ। ਜਿਸ ਬਾਰੇ ਗੁਰੂ ਸਾਹਿਬ ਆਪ ਸ਼ਾਹਦੀ ਭਰਦੇ ਹਨ-

*ਜਾ ਕਾ ਚਵਰੁ ਸਭ ਊਪਰਿ ਝੂਲੈ॥*
*ਤਾ ਕਾ ਧੂਪੁ ਸਦਾ ਪਰਫੁਲੈ॥੨॥ ਅੰਗ - ੩੯੩*

ਹੁਣ ਦੇਖਣਾ ਇਹ ਹੈ ਕਿ ਜੇ ਪਰਮਾਤਮਾ ਉਪਰ ਹਰ ਵੇਲੇ ਚੌਰ ਹੋ ਰਿਹਾ ਹੈ ਤਾਂ ਗੁਰੂ ਸਾਹਿਬਾਨ ਤੇ ਚੌਰ ਕਿਉਂ ਕੀਤਾ ਜਾਂਦਾ ਸੀ ਤੇ ਹੁਣ ਵੀ ਕਰਦੇ ਹਾਂ? ਗੁਰੂ ਸਾਹਿਬਾਨ ਤੇ ਚੌਰ ਤਾਂ ਹੀ ਹੋ ਸਕਦਾ ਹੈ ਜੇ ਉਹ ਭੀ ਪਰਮਾਤਮਾ ਰੂਪ ਹੋਣ। ਜੇ ਇਹ ਸਿੱਧ ਹੋ ਜਾਵੇ ਤਾਂ ਸੁਤੇ ਸਿਧ ਹੀ ਇਹ ਭੀ ਸਿੱਧ ਹੋ ਜਾਵੇਗਾ ਕਿ ਗੁਰੂ ਸਾਹਿਬਾਨ ਤੇ ਚੌਰ ਹੋਣਾ ਚਾਹੀਦਾ ਸੀ ਤੇ ਜੁਗੋ ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੀ, ਜੋ ਦਸਾਂ ਗੁਰੂ ਸਾਹਿਬਾਨ ਦੀ ਜੋਤਿ ਹੈ, ਚੌਰ ਹੋਣਾ ਚਾਹੀਦਾ ਹੈ। ਇਸ ਦੇ ਹੱਲ ਲਈ ਧੁਰ ਕੀ ਆਈ ਬਾਣੀ ਤੋਂ ਸੇਧ ਲੈਣੀ ਜ਼ਰੂਰੀ ਹੈ । ਬਾਣੀ, ਸਚੀ ਬਾਣੀ ਤੋਂ ਇਹ ਸੰਕੇਤ ਮਿਲਦੇ ਹਨ -

*ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਅੰਗ - ੩੮੭*

*ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥*
*ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ॥੧੯॥*

*ਅੰਗ - ੫੨੨*

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥੧॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥੨॥੧੬॥*
*ਅੰਗ - ੧੩੯੫*

*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥੪॥੧॥੮॥ ਅੰਗ - ੪੪੨*

*ਪਰਤਛਿ ਰਿਦੈ ਗੁਰ ਅਰਜੁਨ ਕੈ*
*ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥੫॥*
*ਅੰਗ - ੧੪੦੯*

*ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ ਹਰਿ॥੭॥੧੯॥*
*ਅੰਗ - ੧੪੦੯*

*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥*
*ਅੰਗ - ੧੧੪੨*

*ਗੁਰੁ ਕਰਤਾ ਗੁਰੁ ਕਰਣੈ ਜੋਗੁ॥*
*ਗੁਰੁ ਪਰਮੇਸਰੁ ਹੈ ਭੀ ਹੋਗੁ॥ ਅੰਗ - ੮੬੪*

*ਗੁਰੁ ਪਰਮੇਸਰੁ ਏਕੋ ਜਾਣੁ॥*
*ਜੋ ਤਿਸੁ ਭਾਵੈ ਸੋ ਪਰਵਾਣੁ॥੧॥ ਅੰਗ - ੮੬੪*

*ਸਫਲ ਜਨਮੁ ਹੋਵੈ ਪਰਵਾਣੁ॥ ਅੰਗ - ੭੪੧*

*ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥੩॥੧੩੯॥*
*ਅੰਗ - ੧੯੩*

*ਗੁਰੁ ਪਰਮੇਸਰੁ ਕਰਣੈਹਾਰੁ॥*
*ਸਗਲ ਸ੍ਰਿਸਟਿ ਕਉ ਦੇ ਆਧਾਰੁ॥੧॥ ਅੰਗ - ੭੪੧*

ਉਪਰੋਕਤ ਗੁਰਵਾਕ ਸਿੱਧ ਕਰਦੇ ਹਨ ਕਿ ਗੁਰੂ (ਦਸੇ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਜੀ) ਅਤੇ ਪਰਮੇਸਰ ਇਕੋ ਰੂਪ ਹਨ। ਜੋ ਆਦਰ-ਸਤਿਕਾਰ ਪਰਮਾਤਮਾ ਤੇ ਢੁਕਦਾ ਹੈ, ਉਹ ਹੀ ਗੁਰੂ ਸਾਹਿਬਾਨ ਤੇ ਲਾਗੂ ਹੈ। ਜੇ ਉਪਰ ਲਿਖੇ ਮੁਖਵਾਕਾਂ ਅਨੁਸਾਰ ਗੁਰੂ ਸਾਹਿਬ ਪਰਮਾਤਮਾ ਰੂਪ ਹਨ ਤਾਂ ਇਹ ਭੀ ਜ਼ਰੂਰੀ ਸਮਝਣ ਵਾਲੀ ਗੱਲ ਹੈ, ਕਿ ਕਿਉਂ? ਪਰਮਾਤਮਾ ਕੀ ਹੈ? ਪਰਮਾਤਮਾ ਕੋਈ ਬੰਦਾ ਜਾਂ ਕਿਸੇ ਤਰਾਂ ਦੀ ਸ਼ਕਲ ਵਾਲਾ ਕੋਈ ਵਿਅਕਤੀ ਨਹੀਂ। ਜਿਵੇਂ ਮੁਖਵਾਕ ਹੈ -

*ਚਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ*
*ਕਹਿ ਨ ਸਕਤ ਕਿਹ॥੧॥ (ਹਾ. ੧੦, ਜਾਪੁ)*

*ਰੂਪੁ ਨ ਰੇਖ ਨ ਰੰਗੁ ਕਿਛੁ*
*ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਅੰਗ - ੨੮੩*

ਉਹ ਫਿਰ ਹੈ ਕੀ? ਉਹ ਇਕ ਮਹਾਨ ਸ਼ਕਤੀ, ਜਿਸ ਦੀ ਅਨਹਦ ਧੁਨੀ ਹਰ ਵੇਲੇ ਗੂੰਜ ਰਹੀ ਹੇ, ਜੋ ਸ਼ਬਦ ਰੂਪ ਹੈ। ਹੁਣ ਉਸ ਦਾ ਗਿਆਨ ਕਿੱਦਾਂ ਤੇ ਕਿਸ ਨੂੰ ਹੁੰਦਾ ਹੈ?

*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥*
*ਅੰਗ - ੨੮੩*

ਭਾਵ ਜਿਸ ਤੇ ਉਸ ਦੀ ਕਿਰਪਾ, ਮਿਹਰ ਤੇ ਪ੍ਰਸੰਨਤਾ ਹੋਵੇ।

ਖੈਰ ਪਰਮਾਤਮਾ ਸ਼ਬਦ ਰੂਪ ਹੋਣ ਕਰਕੇ ਗੁਰੂ ਸਾਹਿਬਾਨ ਅਤੇ ਉਸ ਤੋਂ ਸਦਾ ਸਦਾ ਚੌਰ ਝੁੱਲ ਰਿਹਾ ਹੈ। ਤਾਂ ਫਿਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਉਪਰ ਕਿਉਂ ਚੌਰ ਝੁਲਿਆ? ਗੁਰੂ ਸਾਹਿਬਾਨ ਦੇ ਬਲਿਹਾਰ ਜਾਈਏ ਕਿ ਪਰਮਾਤਮਾ ਰੂਪ ਸ਼ਬਦ ਗੁਰੂ ਸਾਹਿਬਾਨ ਦੇ ਹਿਰਦੇ ਵਿੱਚ ਇੰਞ ਵਸ ਰਿਹਾ ਸੀ ਕਿ ਉਹ ਇਹ ਸ਼ਬਦ ਰੂਪ ਪਰਮਾਤਮਾ ਜਾਂ ਖੁਦ ਹੀ ਸ਼ਬਦ ਰੂਪ ਹੋ ਗਏ। ਤੇ ਉਨ੍ਹਾਂ ਰਾਹੀਂ ਉਸ ਸ਼ਬਦ ਦਾ ਪ੍ਰਕਾਸ਼ ਐਸਾ ਹੋਇਆ, ਜੋ ਜੁਗੋ ਜੁਗ ਅੱਟਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਧਾਰ ਗਿਆ ਤੇ ਉਪਰ ਲਿਖੇ ਮੁਖਵਾਕਾਂ ਅਨੁਸਾਰ ਪਰਮਾਤਮਾ ਰੂਪ ਹੀ ਹੋ ਗਏ। ਸੋ ਸ਼ਬਦ ਰੂਪ ਪਰਮਾਤਮਾ ਤੇ ਚੌਰ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਤੇ ਚੌਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਚੌਰ ਦਾ ਇਕ ਹੀ ਭਾਵ ਹੈ, ਕਿਉਂਕਿ ਤਿੰਨੋ ਇਕੋ ਰੂਪ ਹਨ ਤੇ ਇਕ ਦੂਸਰੇ ਤੋਂ ਅਨਿਖੜਵੇਂ ਹਨ। ਪਰਮਾਤਮਾ ਦਾ ਸਭ ਤੋਂ ਉੱਚਾ ਤਖਤ ਤੇ ਦਰਬਾਰ, ਅਤੇ ਉਸ ਵਿੱਚ ਸਸ਼ੋਭਤ ਹੁੰਦਿਆਂ ਪਰਮਾਤਮਾ ਤੇ ਚੌਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪੇ ਵਡੇ ਦਰਬਾਰ ਅਤੇ ਤਖਤ ਉਤੇ ਬਿਰਾਜਮਾਨ ਹੁੰਦਿਆਂ ਤੇ ਚੌਰ ਦੀ ਸੇਵਾ ਦਾ ਇਕ ਹੀ ਭਾਵ ਹੈ, ਜਿਸ ਨੂੰ ਗੁਰੂ ਸਾਹਿਬ ਜੀ ਦੀ ਤਾਬਿਆ ਕੋਈ ਭੀ ਸਿੰਘ, ਸਿੰਘਣੀ ਆਪਣੀ ਆਪਣੀ ਹਾਜ਼ਰੀ ਸਮੇਂ ਨਿਭਾਉਂਦੇ ਹਨ, ਆਦਰ ਸਤਿਕਾਰ ਲਈ, ਨਾ ਕਿ ਮੱਖੀਆਂ ਉਡਾਉਣ ਲਈ ਜਿਵੇਂ ਕਿ ਕਈ ਅਣਜਾਣ ਸੱਜਣ ਕਹਿ ਦਿੰਦੇ ਹਨ। ਉਨ੍ਹਾਂ ਨੂੰ ਗੁਰੂ ਸਾਹਿਬਾਨ ਜੀ ਦੀ ਖਾਸ ਕਰਕੇ ਸ਼ਬਦ ਗੁਰੂ, ਜੋ ਪਰਮਾਤਮਾ ਰੂਪ ਹੈ, ਦੇ ਵੱਡੇਪਣ ਦੀ ਸੋਝੀ ਨਹੀਂ ਤੇ ਉੱਕੀ ਹੀ ਸ਼ਰਧਾ ਨਹੀਂ, ਨਹੀਂ ਤਾਂ ਇਹ ਅਦਬ, ਸਤਿਕਾਰ ਰਹਿਤ ਬਚਨ ਉਨ੍ਹਾਂ ਦੇ ਖਿਆਲ ਵਿਚ ਹੀ ਨਾ ਆਉਣ। ਅੰਤ ਵਿੱਚ ਵੰਨਗੀ ਵਜੋਂ ਉਹ ਮੁਖਵਾਕ ਦਿੱਤੇ ਜਾਂਦੇ ਹਨ ਜੋ -

*ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਅੰਗ - ੩੮੭*

ਉੱਤੇ ਚੌਰ ਕੀਤੇ ਜਾਣ ਤੇ ਹੋ ਰਹੇ ਬਾਰੇ ਸ਼ਾਅਦੀ ਭਰਦੇ ਹਨ -

*ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ॥*
*ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ॥੧॥੪੨॥*

*ਅੰਗ - ੨੪੫*

*ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥*
*ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥੧॥ਰਹਾਉ॥* *ਅੰਗ - ੭੪੯*

*ਇਸ ਹੀ ਮਹਿ ਜਿਸ ਕੀ ਪਤਿ ਰਾਖੈ*
*ਤਿਸੁ ਸਾਧੂ ਚਉਰੁ ਢਾਲੀਐ॥੬॥* *ਅੰਗ - ੧੦੧੯*

*ਪੰਚ ਸਬਦ ਨਿਰਮਾਇਲ ਬਾਜੇ॥*
*ਢੁਲਕੇ ਚਵਰ ਸੰਖ ਘਨ ਗਾਜੇ॥* *ਅੰਗ - ੯੭੪*

*ਅਜੈ ਚਵਰੁ ਸਿਰਿ ਢੁਲੈ*
*ਨਾਮੁ ਅੰਮ੍ਰਿਤੁ ਮੁਖਿ ਲੀਅਉ॥*
*ਗੁਰ ਅਰਜੁਨ ਸਿਰਿ ਛਤ੍ਰੁ*
*ਆਪਿ ਪਰਮੇਸਰਿ ਦੀਅਉ॥* *ਅੰਗ - ੧੪੦੯*

ਅਤੇ ਸਪਸ਼ਟ ਕਰਦੇ ਹਨ ਕਿ ਗੁਰੂ ਸਾਹਿਬ ਜੀ ਉਪਰ ਚੌਰ ਦੀ ਸੇਵਾ ਗੁਰੂ ਸਾਹਿਬ ਜੀ ਦਾ ਅਦਬ ਸਤਿਕਾਰ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ, ਨਾ ਕਿ ਮੱਖੀਆਂ ਉਡਾਉਣ ਲਈ। ਗੁਰੂ ਜੀ ਸਭ ਨੂੰ ਸ਼ਰਧਾ ਬਖਸ਼ਣ।

# ਮਾਤਾ ਸਾਹਿਬ ਕੌਰ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਮੰਜੀ ਸਾਹਿਬ, ਪਿੰਡ ਜੜਖੜ੍ਹ (ਲੁਧਿਆਣਾ)

*(ਭਾਈ ਰਮੇਸ਼ ਬੱਗਾ ਚੋਹਲਾ ਜੀ)*

ਸਿੱਖ ਧਰਮ ਵਿਚ ਬੀਬੀਆਂ/ਔਰਤਾਂ ਦਾ ਬਹੁਤ ਹੀ ਸਤਿਕਾਰਯੋਗ ਅਤੇ ਮਹੱਤਵਪੂਰਨ ਸਥਾਨ ਹੈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਹਿੱਤ ਜਿਥੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਨਿਕਟਵਰਤੀਆਂ ਨੇ ਭਰਵਾਂ ਯੋਗਦਾਨ ਪਾਇਆ ਉਥੇ ਸਿੱਖ ਬੀਬੀਆਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਇਸ ਭੂਮਿਕਾ ਸਦਕਾ ਹੀ ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ।ਇਨ੍ਹਾਂ ਮਹਾਨ ਬੀਬੀਆਂ ਵਿਚ ਬੇਬੇ ਨਾਨਕੀ, ਬੀਬੀ ਅਮਰੋ, ਮਾਤਾ ਖੀਵੀ, ਬੀਬੀ ਭਾਨੀ, ਬੀਬੀ ਵੀਰੋ ਅਤੇ ਮਾਤਾ ਭਾਗੋ ਦਾ ਨਾਮ ਵਰਨਣਯੋਗ ਹੈ। ਸੇਵਾ-ਸਿਮਰਨ ਵਿਚ ਨਿਪੁੰਨ ਅਤੇ ਸਿੱਖੀ-ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵਾਲੀਆਂ ਇਹ ਬੀਬੀਆਂ ਹਮੇਸ਼ਾਂ ਚੜ੍ਹਦੀਕਲਾ ਵਿਚ ਰਹਿ ਕੇ ਅਪਣਾ ਜੀਵਨ ਪੰਧ ਨਿਬੇੜਦੀਆਂ ਰਹੀਆਂ ਹਨ। ਇਨ੍ਹਾਂ ਬੀਬੀਆਂ/ਮਾਤਾਵਾਂ ਵਿਚ ਹੀ ਸ਼ਾਮਿਲ ਹੈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜੜਖੜ੍ਹ ਦੇ ਵਸਨੀਕ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦਾ ਨਾਮ।

ਧਰਮ-ਕਰਮ ਦੇ ਖੇਤਰ ਵਿਚ ਵਿਸ਼ੇਸ਼ ਸਾਤਿਕਾਰ ਰੱਖਣ ਵਾਲੀ ਮਾਤਾ ਸਾਹਿਬ ਕੌਰ ਜੀ (ਮੋਹੀ) ਦਾ ਜਨਮ 14 ਅਗਸਤ 1905 ਈ. ਨੂੰ ਪਿਤਾ ਸ. ਸਰਬਾ ਸਿੰਘ ਅਤੇ ਮਾਤਾ ਨੰਦ ਕੌਰ ਦੇ ਗ੍ਰਹਿ ਪਿੰਡ ਜੜਖੜ੍ਹ ਵਿਖੇ ਹੋਇਆ। ਲੁਧਿਆਣਾ-ਮਲੇਰਕੋਟਲਾ ਰੋਡ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਵੱਸਿਆ ਇਹ ਪਿੰਡ ਜੜਖੜ੍ਹ ਖੇਡ ਜਗਤ ਵਿਚ ਆਪਣਾ ਖਾਸ ਮੁਕਾਮ ਰੱਖਦਾ ਹੈ।

ਡੇਰਾ ਬਾਬਾ ਵਡਭਾਗ ਸਿੰਘ ਜੀ ਮੈੜੀ ਵਾਲਿਆਂ ਪ੍ਰਤੀ ਵਿਸ਼ੇਸ਼ ਸਤਿਕਾਰ ਰੱਖਣ ਵਾਲੀ ਮਾਤਾ ਸਾਹਿਬ ਕੌਰ ਜੀ ਨੇ ਆਪਣੀ ਸਾਰੀ ਹਯਾਤੀ ਗ਼ਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਿਚ ਲਗਾ ਦਿੱਤੀ। ਆਪ ਸਰਬਤ ਦੇ ਭਲੇ ਦੀ ਸੋਚ ਦੇ ਧਾਰਨੀ ਸਨ। ਭਾਵੇਂ ਮਾਤਾ ਜੀ ਨੇ ਆਪਣੇ ਜੀਵਨ ਦਾ ਕੁੱਝ ਸਮਾਂ ਪਿੰਡ ਮੋਹੀ ਵਿਖੇ ਵੀ ਗੁਜ਼ਾਰਿਆ ਪਰ ਆਪਣੀ ਜਨਮ-ਭੂਮੀ ਜੜਖੜ੍ਹ ਨਾਲ ਉਨ੍ਹਾਂ ਦਾ ਖਾਸ ਲਗਾਅ ਸੀ। ਇਸ ਲਗਾਅ ਸਦਕਾ ਹੀ ਉਨ੍ਹਾਂ ਨੇ ਆਪਣੇ ਸੇਵਕਾਂ ਨੂੰ ਕਿਹਾ ਸੀ ਸੱਚਖੰਡ ਪਿਆਨਾ ਕਰਨ ਸਮੇਂ ਮੇਰਾ ਸੰਸਕਾਰ ਪਿੰਡ ਜੜਖੜ੍ਹ ਵਿਖੇ ਕੀਤਾ ਜਾਵੇ ਅਤੇ ਮੰਜਾ ਕੁੱਝ ਸਮੇਂ ਲਈ ਪਿੰਡ ਦੇ ਬਰੋਟੇ ਹੇਠ ਰੱਖਿਆ ਜਾਵੇ।

ਸੇਵਕਾਂ ਵੱਲੋਂ ਪੂਜਨੀਕ ਮਾਤਾ ਸਾਹਿਬ ਕੌਰ ਜੀ ਦੀ ਅੰਤਿਮ ਇੱਛਾ ਦਾ ਇਹਤਰਾਮ ਕਰਦਿਆਂ ਉਨ੍ਹਾਂ ਦੇ ਆਖ਼ਰੀ ਸਮੇਂ (10 ਮਈ 1963 ਈ.) ਤੇ ਉਨ੍ਹਾਂ ਦੀ ਮੰਜੀ ਨੂੰ ਪਿੰਡ ਜੜਖੜ੍ਹ ਦੇ ਬਰੋਟੇ ਹੇਠਾਂ ਰੱਖਿਆ ਗਿਆ ਜਿਥੇ ਇਲਾਕੇ ਦੀ ਸੰਗਤ ਨੇ ਉਨਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਅੰਤਿਮ ਵਿਦਾਇਗੀ ਦਿੱਤੀ।

ਜਿਸ ਬਰੋਟੇ ਹੇਠ ਮਾਤਾ ਜੀ ਦੀ ਮੰਜੀ ਨੂੰ ਰੱਖਿਆ ਗਿਆ ਸੀ ਉਸ ਸਥਾਨ 'ਤੇ ਗੁਰਦੁਆਰਾ ਮੰਜੀ ਸਾਹਿਬ ਸਸ਼ੋਭਿਤ ਹੈ ਜਿਥੇ ਹਰ ਐਤਵਾਰ ਅਤੇ ਪੂਰਨਮਾਸ਼ੀ ਨੂੰ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਇਸ ਤੋਂ ਇਲਾਵਾ ਹਰ ਸਾਲ 14 ਅਗਸਤ ਨੂੰ ਮਾਤਾ ਜੀ ਦਾ ਜਨਮ ਦਿਹਾੜਾ ਅਤੇ 10 ਮਈ ਨੂੰ ਬਰਸੀ ਸਮਾਗਮ ਵੱਡੇ ਪੱਧਰ 'ਤੇ ਮਨਾਏ ਜਾਂਦੇ ਹਨ।

# ਧਰਮਰਾਇ ਦੀ ਦਰਗਾਹ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਨਾਮ-ਰਸ ਹੀਣੇ, ਨਾਮ-ਦਾਤੇਂ ਸਖੀਣੇ ਮਨੁਖ, ਬਿਖਈ ਜੀਵ ਬਿਖਿਆ ਦੇ ਖਾਣੇ ਖਾਣ ਵਿਚ, ਬਿਖਵਤੀ ਬੋਲੀ ਬੋਲਣ ਵਿਚ ਤੇ ਬਿਖਈ ਕਾਰ ਕਮਾਵਣ ਵਿਚ ਹੀ ਸਾਰੀ ਉਮਰ ਖੱਚਤ ਰਹਿੰਦੇ ਹਨ। ਉਹ ਅਗਲੀ ਦਰਗਾਹੇ ਜਮ ਦਰ ਬੱਧੇ ਮਾਰੀਦੇ ਹਨ, ਉਨ੍ਹਾਂ ਦਾ ਓਥੇ ਛੁਟਕਾਰਾ ਕਦੇ ਨਹੀਂ। ਸੱਚੇ ਨਾਮ ਦੇ ਵਿਚ ਲੀਨ, ਨਾਮ ਰਸਿਕਾਂ ਨਿਵਾਸਿਆਂ ਦਾ ਹੀ ਓਥੇ ਛੁਟਕਾਰਾ ਹੈ। ਨਾਮ ਵਿਹੂਣਾ ਆਦਮੀ ਜਿਵੇਂ ਆਉਂਦਾ ਹੈ ਤਿਵੇਂ ਹੀ ਨਾਂਮੋਂ ਖ਼ਾਲੀ ਜਾਂਦਾ ਹੈ। ਅਗੇ ਜਾ ਕੇ ਆਪਣਾ ਕੀਤਾ ਪਾਂਦਾ ਹੈ। ਏਹੀ ਲਿਖਤਕਾਰ ਓਸ ਦੇ ਕਰਮਾਂ ਵਿਚ ਲਿਖੀ ਹੁੰਦੀ ਹੈ। ਮਨਮੁਖ ਆਪਣਾ ਮੂਲ ਗਵਾ ਕੇ ਐਵੇਂ ਖਾਲੀ ਹੱਥ ਚਲੇ ਜਾਂਦੇ ਹਨ। ਉਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਹੀ ਸਜ਼ਾਵਾਂ ਮਿਲਦੀਆਂ ਹਨ, ਯਥਾ -

*ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ॥*
*ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ॥*
*ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥*
*ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥*
*ਅੰਗ - ੧੩੩੧*

ਫ਼ਰੀਦ ਸਾਹਿਬ ਭੀ ਅੱਗੇ ਦੀ ਸ਼ਾਹਦੀ ਇਸ ਬਿਧ ਭਰਦੇ ਹਨ -

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥*
*ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥*
*ਅੰਗ - ੧੩੮੩*

ਇਸ ਵਾਕ ਵਿਚ ਨਾਮ ਵਿਸਾਰਨ-ਹਾਰਿਆਂ ਤੇ ਮੁਖ ਡਰਾਵਣੇ ਦਸੇ ਗਏ ਹਨ। ਇਸ ਦੁਨੀਆਂ ਵਿਚ ਤਿਨ੍ਹਾਂ ਨੂੰ ਬਹੁਤ ਦੁਖ ਝਲਣੇ ਪੈਂਦੇ ਹਨ ਅਤੇ ਚਲ ਕੇ ਅਗਲੀ ਦੁਨੀਆਂ ਵਿਚ ਤਿਨ੍ਹਾਂ ਨੂੰ ਕਿਤੇ ਭੀ ਥਾਉਂ ਟਿਕਾਣਾ ਨਹੀਂ ਮਿਲਦਾ।

ਗੁਰਮੁਖ ਨਾਮ ਜਪਣ-ਹਾਰਿਆਂ ਦੇ ਮੁਖ ਉਜਲੇ ਰਹਿੰਦੇ ਹਨ, ਤਿਨ੍ਹਾਂ ਨੂੰ ਹਰਿ ਦਰਗਹਿ ਵਿਚ ਸੋਭਾ ਵਡਿਆਈ ਮਿਲਦੀ ਹੈ। ਯਥਾ ਗੁਰਵਾਕ -

*ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ॥*
*(ਸਲੋਕ ਵਾਰਾਂ ਤੋਂ ਵਧੀਕ)*

ਮਨਮੁਖਾਂ ਤੋਂ ਦਰਗਹ ਅੰਦਰ ਜ਼ਰੂਰ ਲੇਖਾ ਮੰਗਿਆ ਜਾਵੇਗਾ, ਕਿਉਂਕਿ ਤਿਨ੍ਹਾਂ ਦੀ ਸਾਰੀ ਉਮਰ ਹੀ ਮੋਹ ਮਾਇਆ ਪੁਤ੍ਰ ਕਲਤ੍ਰ ਕੁਟੰਬ ਵਿਚ ਹੀ ਖੱਚਤ ਹੋਇਆ ਗੁਜ਼ਰਦੀ ਹੈ। ਦੂਜੇ ਭਾਇ ਦੀ ਪੂਜਾ ਨੇ ਕੀ ਪਾਰ ਉਤਾਰਾ ਕਰਨਾ ਸੀ। ਜਿਨ੍ਹਾਂ ਦੀ ਖ਼ਾਤਰ ਮਨਮੁਖ ਸਾਰੀ ਉਮਰ ਖਪ ਖਪ ਕੇ ਮਰਦੇ ਹਨ, ਉਨ੍ਹਾਂ ਨੂੰ ਅੰਤੀ ਅਉਸਰ ਕੋਈ ਛਡਾਇ ਨਹੀਂ ਸਕੇਗਾ। ਦਰਗਹਿ ਅੰਦਰ ਸਜ਼ਾਵਾਂ ਮਿਲਣਗੀਆਂ -

*ਮਨਮੁਖ ਸੇਵਾ ਜੋ ਕਰੇ ਦੂਜੇ ਭਾਇ ਚਿਤੁ ਲਾਇ॥*
*ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ॥*
*ਦਰਗਹਿ ਲੇਖਾ ਮੰਗੀਐ, ਕੋਈ ਅੰਤਿ ਨ ਸਕੀ ਛਡਾਇ॥*
*ਅੰਗ - ੧੪੨੨*

ਅਨਿੰਨ ਗੁਰਸਿਖਾਂ ਨੂੰ ਵਾਹਿਗੁਰੂ ਨਾਮ ਦਰਗਾਹ ਅੰਦਰ ਆਪੇ ਛੁਡਾਇ ਲੈਂਦਾ ਹੈ, ਜਮ ਕੰਕਰਾਂ ਨੂੰ ਮਾਰ ਬਿਦਾਰਦਾ ਹੈ, ਐਸੇ ਗੁਰਸਿਖਾਂ ਦੀ ਧੂੜ ਪਾਪੀਆਂ ਦੀ ਗਤ ਕਰਨਹਾਰੀ ਹੈ। ਐਸੇ ਵਡਭਾਗੀ ਮਸਤ ਸੁਹਾਗੇ ਗੁਰਸਿਖਾਂ ਨੂੰ ਗੁਰੂ ਨਾਨਕ ਸਾਹਿਬ ਆਪਿ ਆਇ ਮਿਲਦਾ ਹੈ। ਯਥਾ ਗੁਰਵਾਕ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥*
*ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥*
*ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ॥ ਅੰਗ - ੧੩੮*

ਖੋਟੇ ਖਰਿਆਂ ਦੀ ਪਰਖ ਦਾ ਅਗਲੀ ਦਰਗਾਹ ਵਿਚ ਕਿਵੇਂ ਨਿਬੇੜਾ ਹੁੰਦਾ ਹੈ। ਤਿਸ ਪ੍ਰਥਾਇ ਗੁਰੂ ਸਾਹਿਬ ਇਉਂ ਫ਼ੁਰਮਾਉਂਦੇ ਹਨ -

*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥*
*ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥*
*ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰ ਵਾਰਿ॥*
*ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰੁ॥*
*ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥*
*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥*
*ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥*
*ਗਣਤ ਤਿਨਾਂ ਦੀ ਕੋ ਕਿਆ ਕਰੇ, ਜੋ ਆਪਿ ਬਖਸੇ ਕਰਤਾਰਿ॥੧੨॥ ਅੰਗ - ੧੪੩*

ਏਸ ਗੁਰਵਾਕ ਅੰਦਰ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਸਚੀ ਦਰਗਾਹ ਅੰਦਰ ਖੋਟੇ ਪੁਰਸ਼, ਜਿਨ੍ਹਾਂ ਨੇ ਏਸ ਦੁਨੀਆਂ ਵਿਚ ਖੋਟੇ ਕਰਮ ਕੀਤੇ ਹਨ, ਨਾਮ ਨਹੀਂ ਜਪਿਆ, ਬਾਹਰਵਾਰ ਕੱਢ ਕੇ ਸਿੱਟ ਦਿਤੇ ਜਾਂਦੇ ਹਨ। ਓਥੇ ਉਨ੍ਹਾਂ ਦੀ ਪੁਕਾਰ ਕੋਈ ਨਹੀਂ ਸੁਣਦਾ ਅਤੇ ਐਥੇ ਭੀ ਉਨ੍ਹਾਂ ਦਾ ਹਮਦਰਦ ਕੋਈ ਨਹੀਂ। ਜੇ ਉਹ ਸਤਿਗੁਰੂ ਸਰਣੀ ਆਉਣ, ਪਸਚਾਤਾਪ ਕਰ ਕੇ ਪ੍ਰਾਸਚਿਤ ਕਰਾਉਣ ਤਾਂ ਸਤਿਗੁਰੂ ਤਿਨ੍ਹਾਂ ਦੇ ਪਿਛਲੇ ਕਮਾਤੇ ਕੁਕਰਮੀ ਅਵਗਣ ਬਖਸ਼ਣਹਾਰ ਹੈ ਤੇ ਖੋਟਿਓਂ ਖਰੇ ਕਰਨਹਾਰ ਹੈ। ਨਹੀਂ ਤਾਂ ਖੋਟੇ ਪੁਰਸ਼ ਅਗਲੀ ਦਰਗਾਹ ਪੁਜ ਕੇ ਖੁਆਰ ਹੀ ਖੁਆਰ ਹੋਣਗੇ। ਸਤਿਗੁਰੂ ਹੀ ਸਮਰਥ ਹੈ, ਫੇਰ ਓਹੀ ਖੋਟੇ ਖਰੇ ਹੋ ਕੇ ਸਚੀ ਦਰਗਾਹੇ ਮੰਨੇ ਪ੍ਰਮੰਨੇ ਜਾਣਗੇ। ਗੁਰੂ ਦਰੋਂ ਪ੍ਰੇਮ ਪਿਆਲਾ ਮਿਲਣ ਦਾ ਹੀ ਇਹ ਸਦਕਾ ਹੈ ਕਿ ਖੋਟਿਆਂ ਦੀ ਕਾਇਆਂ ਪਲਟ ਕੇ ਖਰਾਪਣ ਉਨ੍ਹਾਂ ਵਿਚ ਧਾਇ ਜਾਇਗਾ। ਗੁਰੂ ਕਰਤਾਰ ਦੇ ਬਖ਼ਸ਼ੇ ਹੋਇਆਂ ਦੀ ਕੋਈ ਕੀ ਗਣਤ ਕਰ ਸਕਦਾ ਹੈ। ਅਗਲੇ ਗੁਰਵਾਕ ਅੰਦਰ ਭਗਤਾਂ ਤੇ ਸੰਸਾਰੀਆਂ ਦਾ ਟਾਕਰਾ ਕਰ ਕੇ ਸਤਿਗੁਰੂ ਤਿਨ੍ਹਾਂ ਦੇ ਵਖੋ ਵਖ ਕਰਮਾਂ ਦੀ ਗਤਿ ਇਸ ਬਿਧ ਵਰਨਣ ਕਰਦੇ ਹਨ -

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥*
*ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥*
*ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥*
*ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥*
*ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥*
*ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥*
*ਦਾਸਨਿ ਦਾਸ ਹੋਇ ਕੈ, ਜਿਨੀ ਵਿਚਹੁ ਆਪੁ ਗਵਾਇਆ।*
*ਓਹਨਾਂ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ॥ ਅੰਗ - ੧੪੫*

ਇਸ ਵਾਕ ਅੰਦਰ ਕਿਆ ਸੋਹਣਾ ਨਿਖੇੜਾ ਤੇ ਨਿਬੇੜਾ ਕੀਤਾ ਹੈ ਭਗਤਾਂ ਤੇ ਸੰਸਾਰੀਆਂ ਦਾ। ਏਹਨਾਂ ਦਾ ਜੋੜ ਕਦੇ ਬਣ ਨਹੀਂ ਸਕਦਾ। ਕਰਤੇ ਪੁਰਖ ਦੀ ਨਜ਼ਰਾਂ ਵਿਚ ਇਹਨਾਂ ਦੀ ਕਦਰ ਕੀਮਤ ਵਖੋ ਵਖ ਹੈ। ਉਹਨਾਂ ਦੇ ਆਪੋ ਆਪਣੇ ਆਸ਼ੇ ਅਨੁਸਾਰ, ਸੰਸਾਰ ਦੀਆਂ ਨਜ਼ਰਾਂ ਵਿਚ ਤਾਂ ਦੋਹਾਂ ਦਾ ਖੁਲ ਖੰਡ ਦਾ ਇਕੋ ਭਾਉ ਹੈ, ਪਰ ਕਰਤਾਰ ਦੀਆਂ ਨਜ਼ਰਾਂ ਵਿਚ ਦੋਨੋਂ ਇਕੋ ਜਿਹੇ ਨਹੀਂ ਹੋ ਸਕਦੇ। ਜਗਤ ਤਾਂ ਭੁਲੇਖਾ ਖਾ ਸਕਦਾ ਹੈ ਅਤੇ ਕਿਸੇ ਦਾ ਭੁਲਾਇਆ ਭੁਲ ਸਕਦਾ ਹੈ, ਪਰ ਗੁਰੂ ਕਰਤਾਰ ਕਦੇ ਭੁੱਲ ਨਹੀਂ ਸਕਦਾ। ਉਹ ਤਾਂ ਆਪ ਹੀ ਕਦਰ ਕੀਮਤ ਪਰਖ ਲੈਂਦਾ ਹੈ ਅਤੇ ਵੱਖੋ-ਵੱਖ ਦੋਹਾਂ ਦਾ ਨਿਰਣਾ ਨਿਰਖ ਲੈਂਦਾ ਹੈ। ਭਗਤਾਂ ਨੂੰ ਅਪਣਾ ਕੇ ਉਹ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ। ਉਸ ਦੀ ਨਿਜ ਟਕਸਾਲੀ ਪਰਖ ਅੱਤ ਸੁਖਾਲੀ ਹੈ। ਜਿਨ੍ਹਾਂ ਨੇ ਨਿਰੋਲ ਸਚੋ ਸਚ ਕੇਵਲ ਨਾਮ ਹੀ ਕਮਾਇਆ ਹੋਇਆ ਹੁੰਦਾ ਹੈ, ਤਿਨ੍ਹਾਂ ਗੁਰਮੁਖ ਸੰਤਾਂ, ਭਗਤਾਂ ਨੂੰ ਵਾਹਿਗੁਰੂ ਆਪਣੇ ਬਣਾ ਕੇ ਆਪੇ ਹੀ ਮੇਲ ਮਿਲਾਇ ਵਸਲ ਵਸਲਾਇ ਲੈਂਦਾ ਹੈ। ਨਾਮੋਂ ਘੁੱਥੇ ਗੁਰਮਤਿ ਤੋਂ ਗੁਮਰਾਹ ਮਨਮੁਖ ਸੰਸਾਰੀ ਜੀਵਾਂ ਨੇ ਮਨੁੱਖਾ ਜਨਮ ਧਾਰ ਕੇ, ਸਾਰੀ ਉਮਰ ਨਿਰਾ ਕੂੜ ਬੋਲ ਬੋਲ ਹੀ ਨਾਮ ਅੰਮ੍ਰਿਤ ਦੀ ਥਾਉਂ ਬਿਖ ਜ਼ਹਿਰ ਪਿਆਲਾ ਪੀਤਾ ਹੈ, ਉਹ ਕਰਤੇ ਪੁਰਖ ਦੀ ਰਹਿਮਤ ਤੋਂ ਖਾਲੀ ਰਹਿ ਜਾਂਦੇ ਹਨ। ਉਹ ਕਦੇ ਵਾਹਿਗੁਰੂ ਨੂੰ ਮਿਲ ਹੀ ਨਹੀਂ ਸਕਦੇ। ਉਨ੍ਹਾਂ ਦਾ ਰੱਬ ਤੇ ਭਰੋਸਾ ਹੀ ਨਹੀਂ। ਸੰਸਾਰੀ ਸਾਕਤ ਪੁਰਸ਼ ਤਾਂ ਏਥੇ ਜਗਤ ਸੰਸਾਰ ਨੂੰ ਤੇ ਸੰਸਾਰਕ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਮਿੱਠਾ ਜਾਣਦੇ ਹਨ, ਉਨ੍ਹਾਂ ਨੂੰ ਇਹ ਸੂਝ ਬੂਝ ਕੁਝ ਨਹੀਂ ਰਹਿੰਦੀ ਕਿ ਕਦੇ ਇਸ ਅਸਾਰ ਸੰਸਾਰ ਤੋਂ ਚਲਣਾ ਭੀ ਹੈ। ਚਲਣ ਦੀ ਸਾਰ ਵਿਸਾਰ ਕੇ ਉਨ੍ਹਾਂ ਸੰਸਾਰ ਵਿਚ ਹੋਏ ਵਿਸ਼ੇ ਵਾਸ਼ਨਾ ਨੂੰ ਹੀ ਵਧਾਇਆ ਹੈ। ਭਗਤਾਂ ਨੇ ਸਰਬ ਸੰਸਾਰੀ ਬਿਖ ਪਸਾਰੀ ਲਾਲਚ, ਵਾਸ਼ਨਾਵਾਂ ਤੇ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਦਿਨ ਰਾਤ ਸਚੇ ਨਾਮ ਨੂੰ ਧਿਆਇਆ ਹੈ। ਦੁਨੀਆ ਦੇ ਦੀਵਾਨਿਆਂ ਨੇ ਮਾਇਆ ਮਦ-ਮਤੀ ਗੁਲਾਮੀ ਕਰਨੀ ਹੀ ਸਚਿ ਕਰਿ ਜਾਣੀ ਹੈ, ਪਰ ਭਗਤ ਜਨਾਂ ਨੂੰ ਕਰਨੀ ਹਰਿ-ਚਾਕਰੀ ਹੀ ਭਾਉਂਦੀ ਤੇ ਹਰਿ-ਭਗਤੀ ਹੀ ਸੁਖਾਉਂਦੀ ਹੈ। ਹਰਿ ਕੇ ਚਾਕਰ ਹੋਇ ਕੇ ਉਹ ਸਗਲਿਆਂ ਦੀ ਰੇਣ ਦਾਸਨ ਦਾਸ ਹੋ ਰਹਿੰਦੇ ਹਨ। ਇਸ ਤਰ੍ਹਾਂ ਆਪਾ-ਭਾਵ ਦਾ ਅਭਾਵ ਕਰ ਲੈਂਦੇ ਹਨ, ਉਨ੍ਹਾਂ ਦੇ ਸਚੀ ਦਰਗਾਹ ਵਿਚ ਖਸਮੈ ਕੇ ਦਰਿ ਮੁਖ ਉਜਲੇ ਵਾਕ ਅਨੁਸਾਰ ਮੁਖ ਉਜਲੇ ਹੁੰਦੇ ਹਨ। ਇਹ ਸਚੇ ਸ਼ਬਦ ਵਿਚ ਸਮਾਇ ਤੇ ਪਰਵਾਣ ਪਏ ਗੁਰਸਿਖਾਂ ਦੀ ਸਚੀ ਸਾਖੀ ਹੈ, ਜੋ ਉਪਰ ਦਸੀ ਗਈ ਹੈ। ਮਨਮੁਖ ਸੰਸਾਰੀਆਂ ਦਾ ਇਹ ਹਾਲ ਹੋਵੇਗਾ-

*ਹਲਤਿ ਨ ਸੋਭਾ ਪਲਤਿ ਨ ਢੋਈ,*
*ਅਹਿਲਾ ਜਨਮੁ ਗਵਾਇਆ॥੩॥ ਅੰਗ - ੧੫੫*

ਉਨ੍ਹਾਂ ਨੂੰ ਨਾ ਏਸ ਲੋਕ ਤੇ ਨਾ ਪਰਲੋਕ ਵਿਚ ਢੋਈ ਮਿਲਣੀ ਹੈ। ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਐਵੇਂ ਹੀ ਗਵਾ ਲਿਆ ਹੈ। ਵਾਹਿਗੁਰੂ ਰੂਪੀ ਸਚੀ ਭਗਤੀ ਕੀਤਿਆਂ ਹੀ ਐਥੇ ਓਥੇ ਸਦਾ ਸੁਖ ਮਿਲਦਾ ਹੈ। ਚਹੁੰ ਜੁਗਾਂ ਵਿਚ ਗੁਰੂ ਦਾ ਤਾਰਿਆ ਹੋਇਆ ਕੋਈ ਵਿਰਲਾ ਪੂਰਾ ਜਨ ਹੀ ਇਹ ਪੂਰੀ ਕਾਰ ਭਗਤ -ਕਮਾਈ ਦੀ ਕਮਾਉਂਦਾ ਹੈ। ਅਖੁੱਟ ਧਨ ਨਾਮ ਦੇ ਧੁਨੀਆਂ ਦੀ ਕੀਤੀ ਕਾਰ ਹੀ ਥਾਂਇ ਪੈਂਦੀ ਹੈ। ਫੇਰ ਉਨ੍ਹਾਂ ਨੂੰ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ, ਉਹਨਾਂ ਨੂੰ ਐਥੇ ਸਦਾ ਸੁਖ ਦੀ ਪਰਾਪਤੀ ਹੀ ਰਹਿੰਦੀ ਹੈ। ਅਗੇ ਸਚੀ ਦਰਗਾਹ ਤਿਨ੍ਹਾਂ ਨੂੰ ਸਚੀ ਸੋਭਾ ਤੇ ਵਡਿਆਈ ਮਿਲਦੀ ਹੈ। ਯਥਾ ਗੁਰਵਾਕ -

*ਗੁਰ ਸੇਵਾ ਜੁਗ ਚਾਰੇ ਹੋਈ॥*
*ਪੂਰਾ ਜਨੁ ਕਾਰ ਕਮਾਵੈ ਕੋਈ॥*
*ਅਖੁਟੁ ਨਾਮ ਧਨ ਹਰਿ ਤੋਟਿ ਨ ਹੋਈ॥*
*ਐਥੇ ਸਦਾ ਸੁਖੁ ਦਰਿ ਸੋਭਾ ਹੋਈ॥੧॥ਅੰਗ - ੧੬੧*

ਅਗਲੀ ਦਰਗਾਹ ਵਾਹਿਗੁਰੂ ਨਾਮ ਹੀ ਛੁਡਾਉਣ ਨੂੰ ਸਮਰਥ ਹੈ। ਇਹ ਵਾਹਿਗੁਰੂ ਨਾਮ ਗੁਰ ਸਰਨਾਈ ਆਇਆਂ, ਨਿਗੁਰਿਓਂ ਸਗੁਰੇ ਬਣਿਆਂ, ਗੁਰੂ-ਘਰ ਤੋਂ ਹੀ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਹੋਰ ਚੁਰਾਸੀ ਲਖ ਮੇਦਨੀ ਬਥੇਰੀ ਮਨ-ਹਠ ਕਰ ਕੇ ਭਰਮਦੀ ਫਿਰਦੀ ਹੈ ਗੁਰ ਕਾ ਸ਼ਬਦ ਗੁਰਮਤਿ ਨਾਮ ਗੁਰ ਮੰਤ੍ਰ ਚੀਨੇ ਬਿਨਾਂ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ, ਯਥਾ ਗੁਰਵਾਕ -

*ਮੇਰੇ ਮਨ ਗੁਰ ਚਰਣੀ ਚਿਤੁ ਲਾਇ॥*
*ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥*
*ਲਖ ਚਉਰਾਸੀਹ ਭਰਮਦੇ, ਮਨਹਠਿ ਆਵੈ ਜਾਇ॥*
*ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥੨॥ ਅੰਗ - ੧੬੨*

ਜਿਨ੍ਹਾਂ ਨੇ ਸਤਿਗੁਰ ਸਚੇ ਦਾ ਸਿਖ ਬਣ ਕੇ ਸਤਿਸੰਗਤ ਦੀ ਧੂੜ ਮੁਖ ਲਾਈ ਹੈ, ਸਤਿਗੁਰ ਦੀ ਚਰਨ ਧੂੜ ਰੁਮਾਈ ਹੈ ਅਤੇ ਕੂੜ ਨੂੰ ਤਿਆਗ ਕੇ ਹਰਿ ਲਿਵ ਲਾਈ ਹੈ, ਤਿਨ੍ਹਾਂ ਦਾ ਹੀ ਹਰਿ-ਦਰਗਹ ਮੁਖ ਊਜਲ ਰਹਾਈ ਹੈ। ਯਥਾ ਗੁਰਵਾਕ -

*ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ॥*
*ਤਿਨ ਕੂੜ ਤਿਆਗੇ ਹਰਿ ਲਿਵ ਲਾਈ॥*
*ਤੇ ਹਰਿ ਦਰਗਹ ਮੁਖ ਊਜਲ ਭਾਈ॥ ਅੰਗ - ੧੬੫*

ਕੇਵਲ ਗੁਰੂ ਵਾਹਿਗੁਰੂ ਜਪਣਹਾਰਿਆਂ ਦੇ ਹੀ ਸਚੇ ਦਰਬਾਰ ਮੁਖ ਉੱਜਲ ਹੁੰਦੇ ਹਨ। ਇਹ ਸਚਾ ਦਰਬਾਰ ਦਰਗਹ ਵਿਚ ਹੀ ਹੈ। ਯਥਾ ਗੁਰਵਾਕ -

*ਗੁਰੂ ਗੁਰੂ ਜਪਿ ਮੀਤ ਹਮਾਰੇ॥*
*ਮੁਖ ਊਜਲ ਹੋਵਹਿ ਦਰਬਾਰੇ॥੧॥ਰਹਾਉ॥*

ਗੁਰਮਤਿ ਨਾਮ ਰੂਪੀ ਸਚੀ ਸੁਕਿਰਤ ਕਰਨੀ ਰੂਪੀ ਸਚੇ ਕਰਮ ਨੂੰ ਛਡ ਕੇ, ਜੋ ਨਰ ਕਮਾਉਂਦਾ ਤਾਂ ਕੁਕਰਮ ਹੈ, ਮੁਖੋਂ ਮਿਠੇ ਮਿਠੇ ਪੋਚ ਅੰਮ੍ਰਿਤ ਬਚਨ ਲੋਕਾਂ ਨੂੰ ਸੁਣਾਉਂਦਾ ਹੈ, ਉਹ ਜਮਪੁਰ ਬੱਧਾ ਚੋਟਾਂ ਖਾਂਦਾ ਹੈ। ਯਥਾ ਗੁਰਵਾਕ-

*ਕਰੈ ਦੁਹਕਮ ਦਿਖਾਵੈ ਹੋਰੁ॥*
*ਰਾਮ ਕੀ ਦਰਗਹ ਬਾਧਾ ਚੋਰੁ॥...*
*ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥*
*ਜਮਪੁਰਿ ਬਾਧਾ ਚੋਟਾ ਖਾਵੈ॥੨॥ ਅੰਗ - ੧੯੪*

ਇਸ ਗੁਰਵਾਕ ਦੇ ਵੀਚਾਰ ਤੋਂ ਇਹ ਗੱਲ ਹੋਰ ਨਿਰਣੈ ਹੋਈ ਕਿ ਰਾਮ ਕੀ ਦਰਗਹਿ, ਹਰਿ ਦਰਗਹ ਹੋਰ ਹੈ ਤੇ ਜਮਪੁਰੀ ਵਖਰੀ ਹੈ। ਇਹ ਸਰੀਰ ਛਡ ਕੇ ਹਰੀ ਜਨ ਹਰਿ ਦਰਗਹਿ ਜਾਂਦੇ ਹਨ ਅਤੇ ਸਾਕਤ ਨਰ ਮਰ ਕੇ ਜਮਪੁਰੀ ਸਿਧਾਉਂਦੇ ਹਨ। ਗੁਰਪੁਰੀ ਅਤੇ ਜਮਪੁਰੀ ਵਿਚ ਬੜਾ ਵਿਤਕਰਾ ਅਰਥਾਤ ਫ਼ਾਸਲਾ ਹੈ, ਜਮਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿਚ ਰਹਿ ਜਾਂਦੀ ਹੈ ਅਤੇ ਗੁਰਪੁਰੀ ਵਾਹਿਗੁਰੂ ਦਰਬਾਰ ਸੰਮਿਲਵੀਂ ਉਚੇ ਮੰਡਲਾਂ ਦਾ ਸਿਖਰ ਹੈ, ਜਿਥੇ ਕੇਵਲ ਪੁਗੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਸਮਾਈ ਹੈ। ਇਹ ਗਗਨ-ਮੰਡਲੀ ਤਬਕੇ ਵੱਖੋ -ਵੱਖ ਹਨ। ਏਸ ਅਥਾਹ ਅਗੰਮ ਪੁਲਾੜ (ਅਕਾਸ਼) ਵਿਚ ਅਨਗਿਣਤ ਹੀ ਅਣਦਿਸਦੇ ਮੰਡਲ ਹਨ, ਜੋ ਘੁੱਗ ਵਸਦੇ ਹਨ।

---

### *(ਪੰਨਾ 17 ਦੀ ਬਾਕੀ)*

ਜੋ 'ਸਭਨਾ ਕੀ ਰੇਣੁਕਾ' ਹੋਵਣ ਦੇ ਪੂਰਨੇ ਪਾਵੇਗਾ, ਕੇਵਲ ਓਹੀ ਖਾਲਸਾ ਧਰਮ ਧਾਰਨ ਕਰਨ ਦਾ ਅਤੇ ਖਾਲਸਾ ਸਦਾਵਣ ਦਾ ਅਧਿਕਾਰੀ ਹੋਵੇਗਾ। ਸਭਨਾਂ ਦੀ, ਸਭ ਪ੍ਰਾਣੀਆਂ ਦੀ, ਪ੍ਰਾਣੀ ਮਾਤਰ ਦੀ ਰੇਣੁਕਾ ਹੋ ਰਹਿਣਾ ਜਿਸਦੇ ਖ਼ਾਲਸ ਜੀਵਨ ਦੇ ਪੂਰਨਿਆਂ ਦਾ ਇਕ ਉਤਮ ਅੰਸ ਹੈ, ਓਸ ਦੇ ਨਿਕਟ ਕਿਸੇ ਪ੍ਰਾਣੀ ਤੋਂ ਘ੍ਰਿਣਾ ਕਰਨਾ ਯਾ ਕਿਸੇ ਨੂੰ ਅਛੂਤ ਜਾਤੀ ਵਿਚ ਜਨਮਿਆ ਜਾਣ ਕੇ ਉਸ ਨੂੰ ਤਿਰਸਕਾਰਯੋਗ ਸਮਝਣਾ ਭਲਾ ਕਦੇ ਸੰਭਵ ਹੋ ਸਕਦਾ ਹੈ?

*('ਗੁਰਮਤਿ ਬਿਬੇਕ' ਵਿਚੋਂ)*

# ਆਦਿ ਕਥਨ

*(ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਜੀਰਕਪੁਰ)*

ਪ੍ਰਾਚੀਨ ਕਾਲ ਤੋਂ ਹੀ ਉੱਤਰ-ਪੱਛਮ ਵਲੋਂ ਅਨੇਕਾਂ ਜਰਵਾਣੇ ਭਾਰਤ ਉਪਰ ਹਮਲਾਵਰ ਹੋ ਕੇ ਆਉਂਦੇ ਰਹੇ ਪਰ ਇਨ੍ਹਾਂ ਨੂੰ ਚੁਣੌਤੀ ਦੇਣ ਵਾਲੀ ਕੋਈ ਖਾਸ ਕੌਮ ਧਿਰ ਨਜਰ ਨਹੀਂ ਆਉਂਦੀ ਇਨ੍ਹਾਂ ਜਰਵਾਣਿਆਂ ਵਿਰੁੱਧ ਆਵਾਜ ਬੁਲੰਦ ਕਰਨ, ਠੱਲ੍ਹ ਪਾਉਣ ਤੇ ਸ਼ਹੀਦੀ ਦੀ ਪਰਮੰਪਰਾ ਨੂੰ ਸਥਾਪਿਤ ਕਰਨ ਦਾ ਸਿਹਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਇਆ ਜਿਨ੍ਹਾਂ ਨੇ ਆਪਣੀ ਆਵਾਜ ਰਾਹੀ ਆਮ ਲੋਕਾਂ ਦੇ ਦਰਦ ਨੂੰ ਮਹਿਸੂਸ ਕੀਤਾ, ਹੱਕ, ਸੱਚ ਦੀ ਸਥਾਪਤੀ ਹਿਤ ਅਤੇ ਅਨਿਆ, ਅਤਿਆਚਾਰ ਵਿਰੁੱਧ ਆਵਾਜ ਬੁਲੰਦ ਕਰਨ ਦੀ ਪ੍ਰੇਰਨਾ ਦੁਨੀਆਂ ਨੂੰ ਦਿੱਤੀ। ਦੀਨ ਦੁਨੀਆਂ ਵਾਲੇ ਕਲਿਆਣਕਾਰੀ ਧਰਮ ਦੀ ਸਥਾਪਨਾ ਕੀਤੀ ਜੋ ਦੁਨੀਆਂ ਦੇ ਸਭ ਮਤਾਂ ਤੋਂ ਵੱਖਰਾ ਤਰਜਰਬਾ ਸੀ। ਗੁਰੂ ਜੀ ਦੀ ਪ੍ਰੇਰਨਾ ਸਾਡੇ ਨਿਤ ਕੰਨੀ ਪੈਂਦੀ ਹੈ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***<br>
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***<br>
***ਇਸੁ ਮਾਰਗਿ ਪੈਰੁ ਧਰੀਜੈ॥***<br>
***ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412***

ਹੱਕ ਸੱਚ ਨਿਆਂ ਲਈ ਅਤਿਆਚਾਰ ਵਿਰੁੱਧ ਲੜਨਾ ਪੈਂਦਾ ਹੈ। ਜੁਲਮ ਵਿਰੁਧ ਪਹਿਲਾਂ ਆਤਮਕ ਬੋਲਾਂ ਰਾਹੀਂ ਅਤੇ ਦੂਜਾ ਬਹੁ ਬਲ ਰਾਹੀਂ, ਬੋਲਾਂ ਰਾਹੀਂ ਅਸਰ ਨਾ ਹੋਵੇ ਤਾਂ ਫਿਰ ਬਲ ਦੀ ਵਰਤੋਂ ਜਾਇਜ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਤਮਿਕ ਬੋਲਾਂ ਰਾਹੀਂ ਬਾਬਰ ਨੂੰ ਜਾਬਰ ਕਹਿ ਦਿੱਤਾ ਸੀ। ਜਿਸਦੇ ਸਿੱਟੇ ਵਜੋਂ ਉਸਨੇ ਜੁਲਮ, ਅਤਿਆਚਾਰ ਤੋਂ ਮੂੰਹ ਮੋੜ ਲੀਤਾ ਸੀ। ਵੈਸੇ ਵੀ ਸਿੱਖ ਧਰਮ ਦੀ ਪਰੰਪਰਕ ਰਵਾਇਤ ਹੈ ਕਿ ਜਦੋਂ ਕਿਸੇ ਮਜਲੂਮ ਦੀ ਬਾਂਹ ਫੜ ਲਈ ਜਾਂਦੀ ਹੈ ਤਾਂ ਉਸ ਨੂੰ ਤੋੜ ਨਿਭਾਉਣਾ ਹੀ ਧਰਮ ਹੈ।

ਸ਼ਹਾਦਤ ਦਾ ਅਰਥ, ਹੱਕ, ਸੱਚ ਨਿਆਂ ਅਤੇ ਧਰਮ ਦੇ ਸੱਚ ਹੋਣ ਲਈ ਗਵਾਹੀ ਦੇਣਾ ਹੈ। ਗਵਾਹੀ ਲਈ ਸ਼ਹੀਦੀ ਪਰਮ ਅਵਸ਼ਕ ਹੈ। ਇਹ ਸ਼ਹੀਦੀ ਹਰ ਕੋਈ ਨਹੀਂ ਦੇ ਸਕਦਾ। ਸਿੱਖ ਧਰਮ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਸਿੱਖਾਂ ਦੀਆਂ ਕੁਰਬਾਨੀਆਂ ਇਤਿਹਾਸ ਦੇ ਸੁਨਹਰੀ ਪੰਨੀਆਂ ਵਿੱਚ ਉਕਰੀਆਂ ਹੋਈਆਂ ਹੈ। ਬਾਬਰ ਦੀਆਂ ਚਕੀਆਂ ਪੀਅਣ ਦੇ ਜੁਲਮ ਤੋਂ ਸ਼ੁਰੂ ਹੋਇਆ ਇਹ ਇਤਿਹਾਸ ਤੱਤੀਆਂ ਤਵੀਆਂ ਤੇ ਬੈਠ ਭਾਣੇ ਨੂੰ ਮਿੱਠਾ ਕਰਕੇ ਮੰਨਣਾ, ਕਲੂ ਮੈਂ ਸਾਕਾ ਵਰਤਾ ਕੇ ਸਿਰਰ ਨਹੀਂ ਕੀਤਾ। ਉਬਲਦੀਆਂ ਦੇਗਾਂ ਵਿਚ ਉਬਾਲੇ ਖਾਂਦਾ, ਬੰਦ-ਬੰਦ ਕਟਵਾ ਚਰਖੜੀਆਂ ਚੜ੍ਹ, ਮਾਸੂਮ ਦਿਲਾਂ ਦੇ ਟੁਕੜਿਆਂ ਨੂੰ ਗਲਾਂ ਵਿਚ ਪਵਾ, ਖੋਪਰੀਆਂ ਉਤਰਵਾ, ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਸੰਗ ਨਿਭਾ ਕੇ ਚਾਰ ਚੰਨ ਲਾਉਂਦਾ ਹੈ। ਦੂਜੇ ਪਾਸੇ ਤੇਗ ਰਾਹੀ ਅੰਮ੍ਰਿਤਸਰ ਮਹਿਰਾਜ ਹਰਿ ਗੋਬਿੰਦ ਪੁਰ, ਕਰਤਾਰਪੁਰ ਵਿਚੋਂ ਪਾਸ ਹੋ ਕੇ ਭੰਗਾਣੀ, ਨਿਰਮੋਹ, ਅਨੰਦਪੁਰ, ਸਰਸਾ ਦੇ ਕੰਢੇ ਦੇ ਮੈਦਾਨਾਂ ਵਿਚ ਲੜਦਾ ਹੋਇਆ, ਚਮਕੌਰ ਸਾਹਿਬ ਦੀ ਗੜ੍ਹੀ ਵਿਚੋਂ ਪਾਸ ਹੋ ਜਾਂਦਾ ਹੈ। ਖਿਦਰਾਣੇ ਦੀ ਢਾਬ, ਸਰਹੰਦ ਵਿਚ ਝੰਡੇ ਗੱਡ, ਗੁਰਦਾਸ ਨੰਗਲ ਜੰਗਲਾਂ, ਬੇਲਿਆਂ ਛੰਬਾ, (ਕਾਹਨੂਵਾਲ) ਅਤੇ ਮੈਦਾਨਾਂ (ਕੰਪਰਹੀੜੇ) ਵਿਚ ਘਲੂਘਾਰੇ ਬਣਾਉਂਦਾ ਇਹ ਇਤਿਹਾਸ ਫਤਹਿ ਪਾਉਂਦਾ ਹੈ। ਚੜਦੀ ਕਲਾ ਦੇ ਇਤਿਹਾਸ ਦੀ ਗੁਣਤਾ ਇਹ ਵੀ ਹੈ ਕਿ ਹਜਾਰਾਂ ਸ਼ਹੀਦ ਕਰਵਾ ਕੇ ਵੀ ਸਿੱਖ ਮਲਾਲ ਵਿਚ ਇਹ

***(ਬਾਕੀ ਪੰਨਾ 35 'ਤੇ)***

# ਈਸ਼ਵਰ ਦੀ ਹੋਂਦ

*[ਭਾਈ ਕੁਲਦੀਪ ਸਿੰਘ ਜੀ]*

ਸੰਸਾਰ ਵਿਚ ਅਨੇਕਾਂ ਧਾਰਮਿਕ ਤੇ ਆਤਮਿਕ ਖੋਜੀ ਹੋ ਚੁੱਕੇ ਹਨ। ਹੁਣ ਤਕ ਕਈ ਧਰਮ ਤੇ ਕਈ ਧਰਮਾਂ ਦੇ ਸੰਚਾਲਕ ਹੋ ਚੁੱਕੇ ਹਨ। ਕਈ ਪੀਰ ਪੈਗ਼ੰਬਰ, ਰਿਸ਼ੀ ਮੁਨੀ ਤੇ ਅਵਤਾਰ ਹੋ ਚੁੱਕੇ ਹਨ। ਪ੍ਰੰਤੂ ਪ੍ਰਭੂ ਦੀ ਹੋਂਦ ਹੁਣ ਤਕ ਰਹੱਸ ਬਣੀ ਹੋਈ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਣਡਿੱਠੀ ਦੁਨੀਆ ਪੁਸਤਕ ਵਿਚ ਅਜਿਹੇ ਅਗੰਮੀ ਭੇਦਾਂ ਨੂੰ ਪ੍ਰਗਟ ਕੀਤਾ ਹੈ। ਆਪ ਫ਼ੁਰਮਾਂਦੇ ਹਨ –

ਕਈ ਸ਼ੰਕਾਵਾਦੀ ਸ਼ੰਕਾ ਕਰਦੇ ਹਨ ਕਿ ਜੋ ਅੱਖੀਂ ਦਿੱਸਦਾ ਨਹੀਂ ਉਸਦੀ ਹੋਂਦ ਤੇ ਸ਼ੱਕ ਹੈ। ਜੋ ਪਦਾਰਥ ਪੰਜ ਗਿਆਨ-ਇੰਦਰੀਆਂ ਦਾ ਵਿਸ਼ਾ ਨਹੀਂ, ਉਹ ਲੋਕ ਅਸੱਤ ਮੰਨਦੇ ਹਨ। ਉਨ੍ਹਾਂ ਦੀ ਸਮਝ ਵਿਚ ਰੱਬ ਦੀ ਕੋਈ ਹਸਤੀ ਨਹੀਂ। ਉਹ ਇਸ ਦੁਨੀਆ ਤੋਂ ਬਿਨਾਂ ਹੋਰ ਕਿਸੇ ਅਣ-ਦਿਸਦੀ ਦੁਨੀਆ ਨੂੰ ਮੰਨਣ ਤੋਂ ਇਨਕਾਰੀ ਹਨ। ਬਹੁਤਿਆਂ ਦਾ ਸੰਦੇਹ ਹੈ ਕਿ ਅੱਗਾ ਨਹੀਂ ਹੈ।

ਭਾਈ ਸਾਹਿਬ ਪੁਸਤਕ ਵਿਚ ਲਿਖਦੇ ਹਨ ਕਿ ਅੱਗਾ ਹੈ। ਇਹ ਪਹਿਲਾ ਪ੍ਰਕਰਣ ਹੈ ਇਸ ਵਿਚ ਫ਼ੁਰਮਾਉਂਦੇ ਹਨ –

"ਸਤਿਗੁਰੂ ਦੇ ਸੱਚੇ ਸਿਦਕੀ ਸਿੱਖਾਂ ਨੂੰ ਸਤਿਗੁਰੂ ਦੇ ਬਚਨਾਂ 'ਤੇ ਪੂਰਾ ਭਰੋਸਾ ਹੈ। ਉਹਨੇ ਦ੍ਰਿੜ੍ਹ ਕਰ ਕੇ ਨਿਸ਼ਚੇ ਕਰ ਲਿਆ ਹੁੰਦਾ ਹੈ ਕਿ ਜੋ ਕੁਝ ਗੁਰਬਾਣੀ ਅੰਦਰ ਫ਼ੁਰਮਾਨ ਹੈ, ਉਹ ਗੁਰਸਿੱਖਾਂ ਲਈ ਧਾਰਨ ਕਰਨਯੋਗ ਗੁਰਮਤਿ ਅਸੂਲ ਹਨ।"

ਪਰਮਾਤਮਾ ਦਾ ਨਾਂ ਕਈ ਜੁਗਾਂ ਤੋਂ ਚੱਲ ਰਿਹਾ ਹੈ। ਪਰਮਾਤਮਾ ਕਿਹੋ ਜਿਹਾ ਹੈ, ਉਸਦੇ ਗੁਣ ਕੀ ਹਨ ਤੇ ਉਹ ਦਿਖਾਈ ਕਿਉਂ ਨਹੀਂ ਦਿੰਦਾ?

ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਤੇ ਇਲਾਹੀ ਜੋਤਿ ਸਨ। ਆਪ ਪਰਮਾਤਮਾ ਦੀ ਹੋਂਦ ਬਾਰੇ ਫ਼ੁਰਮਾਂਦੇ ਹਨ–

***ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥***
***ਅੰਗ - ੪੬੬***

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਂਦੇ ਹਨ ਕਿ ਪ੍ਰਭੂ ਸੂਖਮ ਰੂਪ ਹੈ। ਉਸਦਾ ਨਾਂ ਨਿਰੰਜਨ ਹੈ, ਭਾਵ ਉਹ ਆਕਾਰ ਰਹਿਤ ਹੈ। ਉਸਦਾ ਕੋਈ ਰੂਪ ਰੰਗ ਭੇਖ ਨਹੀਂ। ਉਹ ਪੰਜ ਤੱਤਾਂ ਦਾ ਪੁਤਲਾ ਨਹੀਂ। ਉਸਨੂੰ ਕਿਸੇ ਨੇ ਘੜਿਆ ਜਾਂ ਬਣਾਇਆ ਨਹੀਂ ਤੇ ਨਾ ਹੀ ਉਸਨੂੰ ਥਾਪਿਆ ਜਾਂਦਾ ਹੈ। ਉਹ ਆਪਣੇ ਆਪ ਵਿਚ ਸੰਪੂਰਨ ਹੈ –

***ਥਾਪਿਆ ਨ ਜਾਇ ਕੀਤਾ ਨ ਹੋਇ॥***
***ਆਪੇ ਆਪਿ ਨਿਰੰਜਨੁ ਸੋਇ॥***
***ਜਿਨਿ ਸੇਵਿਆ ਤਿਨਿ ਪਾਇਆ ਮਾਨੁ॥***
***ਨਾਨਕ ਗਾਵੀਐ ਗੁਣੀ ਨਿਧਾਨੁ॥ (ਜਪੁਜੀ ਸਾਹਿਬ)***

ਉਹ ਮਨੁੱਖੀ ਕਾਇਆ ਵਿਚ ਵਿਆਪਕ ਹੈ –

***...ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ***
***ਗੁਰਮਤੀ ਰੰਗੁ ਮਾਣੁ॥ ਅੰਗ - ੪੪੧***

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਅੰਗ - ੧੩***

***ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ,***
***ਅਕਲ ਕਲਾ ਭਰਪੂਰਿ ਰਹਿਆ॥ ਅੰਗ - ੪੬੯***

ਸਭ ਤੋਂ ਪੁਰਾਣਾ ਧਰਮ ਬੁੱਧ ਧਰਮ ਹੈ। ਗੌਤਮ ਬੁੱਧ ਅੱਜ ਤੋਂ ਚਾਰ ਹਜ਼ਾਰ ਤੋਂ ਵੱਧ ਸਾਲ ਪਹਿਲਾਂ ਹੋਏ ਹਨ। ਮਹਾਤਮਾ ਬੁੱਧ ਬਾਰੇ ਉਨ੍ਹਾਂ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਲਿਖਿਆ ਹੈ। ਮਹਾਤਮਾ ਬੁੱਧ ਕਹਿੰਦੇ ਸਨ ਕਿ ਇਹ ਸੰਸਾਰ ਦੁਖਾਂ ਦਾ ਘਰ ਹੈ। ਇਨ੍ਹਾਂ ਦੁਖਾਂ ਤੋਂ ਛੁਟਕਾਰਾ ਪਾਉਣ ਲਈ

ਅਸ਼ਟ ਮਾਰਗ ਅਪਨਾਇਆ ਜਾਵੇ। ਮਹਾਤਮਾ ਬੁੱਧ ਨੇ ਅਸ਼ਟ ਮਾਰਗ 'ਤੇ ਜ਼ੋਰ ਦਿੱਤਾ ਪ੍ਰੰਤੂ ਸਾਰੇ ਚੰਗੇ ਗੁਣ, ਪਰਮਾਤਮਾ ਦੀ ਤੁਲਨਾ ਨਹੀਂ ਕਰ ਸਕਦੇ। ਉਹ ਚੰਗੇ ਗੁਣਾਂ ਨੂੰ ਹੀ ਪਰਮਾਤਮਾ ਸਮਝਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਫ਼ੁਰਮਾਂਦੇ ਹਨ -

*ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥*
*ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥*
*ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥*
*ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥*
*ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥*
*ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥*
*ਅੰਗ - ੪੬੭*

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਜੋਗ ਮਤਿ, ਬੁੱਧ ਮਤਿ, ਸਨਾਤਨ ਧਰਮ, ਵੈਸ਼ਨੋ ਮਤ, ਸੰਨਿਆਸ, ਬ੍ਰਹਮ ਧਰਮ ਪ੍ਰਚਲਤ ਸੀ। ਉਸ ਸਮੇਂ ਚਾਰ ਵੇਦ, ਛੇ ਸ਼ਾਸਤਰ, ਸਿਮ੍ਰਤੀਆਂ ਤੇ ਅਠਾਰਾਂ ਪੁਰਾਣਾਂ ਦੀ ਰਚਨਾ ਹੋ ਚੁੱਕੀ ਸੀ। ਸਹਿਜ ਜੋਗ, ਰਾਜ ਜੋਗ, ਹੱਠ ਜੋਗ ਆਦਿ ਪ੍ਰਚਲਤ ਸਨ। ਰਾਮਾਇਣ ਤੇ ਮਹਾਭਾਰਤ ਰਚੇ ਜਾ ਚੁੱਕੇ ਸਨ। ਪ੍ਰੰਤੂ ਇਨ੍ਹਾਂ ਵਿਚ ਵਾਦ-ਵਿਵਾਦ ਤੇ ਭਰਮਾਂ ਵਿਚ ਪਾਉਣ ਵਾਲੀਆਂ ਗੱਲਾਂ ਸਨ।

ਇਸਲਾਮ ਧਰਮ ਵਾਲੇ ਖ਼ੁਦਾ ਨੂੰ ਪੱਛਮ ਵੱਲ ਮੰਨਦੇ ਸਨ ਤੇ ਹਮੇਸ਼ਾ ਪੱਛਮ ਵੱਲ ਮੂੰਹ ਕਰ ਕੇ ਨਿਮਾਜ਼ ਪੜ੍ਹਦੇ ਸਨ। ਹਿੰਦੂ ਧਰਮ ਵਾਲੇ ਈਸ਼ਵਰ ਨੂੰ ਪੂਰਬ ਵੱਲ ਮੰਨਦੇ ਹਨ ਤੇ ਈਸਾਈ ਧਰਮ ਦਾ ਪਰਮਾਤਮਾ ਆਕਾਸ਼ ਵਿਚ ਹੈ। ਮੂਸੇ ਦਾ ਭਗਵਾਨ ਕੋਹਿਤੂਰ ਉੱਤੇ ਰਹਿੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਈਸ਼ਵਰ ਇਕ ਹੈ। ਉਹ ਸਰਬ-ਵਿਆਪਕ ਹੈ। ਉਹ ਘਰ ਬੈਠਿਆਂ ਪ੍ਰਾਪਤ ਹੋ ਜਾਂਦਾ ਹੈ। ਉਹ ਬਹੁਤ ਨੇੜੇ ਹੈ। ਉਹ ਦੂਰ ਨਹੀਂ ਹੈ। ਗੁਰਵਾਕ ਹੈ -

*ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥*
*ਬਿਖੁ ਸੰਚੈ ਨਿਤ ਡਰਤਾ ਫਿਰੈ॥*
*ਹੈ ਨਿਕਟੇ ਅਰੁ ਭੇਦੁ ਨ ਪਾਇਆ॥*
*ਬਿਨੁ ਸਤਿਗੁਰ ਸਭ ਮੋਹੀ ਮਾਇਆ॥੧॥*
*ਨੇੜੈ ਨੇੜੈ ਸਭੁ ਕੋ ਕਹੈ॥*
*ਗੁਰਮੁਖਿ ਭੇਦੁ ਵਿਰਲਾ ਕੋ ਲਹੈ॥੧॥ਰਹਾਉ॥*
*ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ॥*
*ਦਰਬੁ ਹਿਰੈ ਮਿਥਿਆ ਕਰਿ ਖਾਇ॥*
*ਪਈ ਠਗਉਰੀ ਹਰਿ ਸੰਗਿ ਨ ਜਾਨਿਆ॥*
*ਬਾਝੁ ਗੁਰੂ ਹੈ ਭਰਮਿ ਭੁਲਾਨਿਆ॥੨॥*
*ਅੰਗ - ੧੧੩੯*

ਪਰਮਾਤਮਾ ਦੀ ਜੋਤਿ ਹਰ ਜੀਵ ਵਿਚ ਪ੍ਰਕਾਸ਼ਮਾਨ ਹੈ। ਪਰਮਾਤਮਾ ਦੀ ਜੋਤਿ ਹਰ ਜੀਵ ਤਕ ਇਸ ਪ੍ਰਕਾਰ ਪੁੱਜਦੀ ਹੈ, ਜਿਵੇਂ ਸੂਰਜ ਦੀਆਂ ਕਿਰਨਾਂ ਸਾਰੇ ਸੰਸਾਰ ਵਿਚ ਪੁੱਜਦੀਆਂ ਹਨ। ਉਸਦੀ ਰੌਸ਼ਨੀ ਰਾਹੀਂ ਹਰ ਜੀਵ ਪ੍ਰਕਾਸ਼ਮਾਨ ਹੈ। ਸੂਰਜ ਦੀਆਂ ਕਿਰਨਾਂ ਉਤਭੁਜ, ਸੇਤਜ, ਅੰਡਜ ਤੇ ਜੇਰਜ ਸਭ 'ਤੇ ਪੈਂਦੀਆਂ ਹਨ ਤੇ ਜੀਵਨ-ਦਾਨ ਦਿੰਦੀਆਂ ਹਨ। ਇਸੇ ਪ੍ਰਕਾਰ ਪ੍ਰਭੂ ਦੀ ਜੋਤਿ ਹਰ ਜੀਵ ਵਿਚ ਪ੍ਰਕਾਸ਼ਮਾਨ ਹੈ -

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸੁ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਅੰਗ - ੧੩*

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ,*
*ਅਕਲ ਕਲਾ ਭਰਪੂਰਿ ਰਹਿਆ॥*
*ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ,*
*ਜਿਨਿ ਕੀਤੀ ਸੋ ਪਾਰਿ ਪਇਆ॥*
*ਕਹੁ ਨਾਨਕ ਕਰਤੇ ਕੀਆ ਬਾਤਾ,*
*ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਅੰਗ - ੪੬੯*

ਪਰਮਾਤਮਾ ਦਿਖਾਈ ਕਿਉਂ ਨਹੀਂ ਦਿੰਦਾ? ਸੰਸਾਰ ਨੂੰ ਦੇਖਣ ਲਈ ਈਸ਼ਵਰ ਨੇ ਸਾਨੂੰ ਦੋ ਅੱਖੀਆਂ ਦੇ ਰੱਖੀਆਂ ਹਨ ਪ੍ਰੰਤੂ ਇਨ੍ਹਾਂ ਅੱਖਾਂ ਦੇ ਅੱਗੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਕਾਰਨ ਹਨੇਰਾ ਆ ਗਿਆ ਹੈ। ਇਹ ਅੱਖਾਂ ਹੁੰਦਿਆਂ ਹੋਇਆਂ ਵੀ ਅਸੀਂ ਅੰਨ੍ਹੇ ਹਾਂ। ਇਸ ਲਈ ਪਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਫ਼ੁਰਮਾਂਦੇ ਹਨ -

*ਕਹੈ ਨਾਨਕੁ ਏਹਿ ਨੇਤ੍ਰ ਅੰਧੁ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*
*ਅਮਗ - ੯੨੨*

ਸਾਡੇ ਘਰ ਕੋਲ ਇਕ ਪਾਰਕ ਹੈ। ਉਥੇ ਬਜ਼ੁਰਗ ਤੇ ਰੀਟਾਇਰਡ ਬੰਦੇ ਬਹਿਸ ਕਰਦੇ ਰਹਿੰਦੇ ਹਨ। ਕੁਝ ਬੰਦੇ ਸਾਡੇ ਘਰ ਅੱਗੋਂ ਲੰਘੇ। ਮੈਂ ਵਿਹੜੇ ਵਿਚ ਖੜਾ ਸੀ। ਕਹਿਣ ਲੱਗੇ - ਚਲੋ ਮਾਸਟਰ ਜੀ ਤੋਂ ਪੁੱਛਦੇ ਹਾਂ। ਇਕ ਬੰਦਾ ਬੋਲਿਆ-ਬੜੀ ਦੇਰ ਤੋਂ ਬਹਿਸ ਚੱਲ ਰਹੀ ਹੈ ਕਿ ਪਰਮਾਤਮਾ ਦੀ ਹੋਂਦ ਹੈ ਜਾਂ ਨਹੀਂ? ਇਕ ਬੰਦਾ ਬੜੀ ਤਿੱਖੀ ਆਵਾਜ਼ ਵਿਚ ਬੋਲਿਆ-ਕੀ ਆਪ ਜੀ ਨੇ ਕਦੇ ਈਸ਼ਵਰ ਦੇ ਦਰਸ਼ਨ ਕੀਤੇ ਹਨ? ਮੈ ਬੋਲਿਆ-ਮੈਂ ਹਰ ਰੋਜ਼ ਕਰਦਾ ਹਾਂ ਤੇ ਆਪ ਜੀ ਨੂੰ ਵੀ ਦਰਸ਼ਨ ਕਰਵਾ ਸਕਦਾ ਹਾਂ। ਸਭ ਹੈਰਾਨ ਰਹਿ ਗਏ। ਪੰਜ ਜਾਂ ਛੇ ਬੰਦੇ ਆਏ

ਸਨ, ਮੈਂ ਵਾਰੀ ਵਾਰੀ ਸਭ ਨੂੰ ਹੱਥ ਲਗਾ ਕੇ ਕਿਹਾ- ਤੇਰੇ ਵਿਚ ਭਗਵਾਨ ਹੈ। ਫਿਰ ਕਿਹਾ-ਮੇਰੇ ਅੰਦਰ ਭਗਵਾਨ ਹੈ। ਅਖ਼ੀਰ ਮੈਂ ਗੱਲ ਮੁਕਾਈ ਕਿ ਈਸ਼ਵਰ ਸਭ ਜੀਵਾਂ ਅੰਦਰ ਵਿਆਪਕ ਹੈ। ਉਸ ਸਮੇਂ ਮੇਰੇ ਦਿਮਾਗ਼ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ ਸੀ, ਮੈਂ ਸਹਿਜ-ਸੁਭਾ ਬੋਲ ਪਿਆ -

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਅੰਗ - ੧੩*

ਬ੍ਰਹਿਮੰਡ ਵਿਚ ਪੌਣ ਹੈ। ਕੀ ਹਵਾ ਦਾ ਕੋਈ ਰੰਗ ਰੂਪ ਜਾਂ ਆਕਾਰ ਹੈ? ਫਿਰ ਅਸੀਂ ਇਹ ਕਿਵੇਂ ਮੰਨ ਲੈਂਦੇ ਹਾਂ ਕਿ ਹਵਾ ਹਰ ਥਾਂ ਮੌਜੂਦ ਹੈ। ਆਪ ਆਖੋਗੇ ਕਿ ਹਵਾ ਦਾ ਅਨੁਭਵ ਸਾਨੂੰ ਹੁੰਦਾ ਹੈ। ਪ੍ਰਭੂ ਨੂੰ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਉਹ ਸੂਖਮ ਰੂਪ ਹੈ ਪ੍ਰੰਤੂ ਜੇ ਆਪ ਈਸ਼ਵਰ ਨੂੰ ਦੇਖਣਾ ਚਾਹੁੰਦੇ ਹੋ ਤਾਂ ਕੁਦਰਤ ਵਿਚ ਵੇਖੋ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਫ਼ੁਰਮਾਂਦੇ ਹਨ ਕਿ ਕਾਦਰ, ਕੁਦਰਤ ਵਿਚ ਰਹਿੰਦਾ ਹੈ। ਉਹ ਕੁਦਰਤ ਦਾ ਕਰਤਾ ਕਾਦਰ ਈਸ਼ਵਰ ਹੈ। ਇਹ ਸੁੰਦਰ ਨਦੀਆਂ ਨਾਲੇ, ਇਹ ਸੁੰਦਰ ਦ੍ਰਿਸ਼, ਪੌਣ, ਪਾਣੀ, ਅੱਗ, ਆਕਾਸ਼, ਪਾਤਾਲ, ਚੰਨ, ਸੂਰਜ, ਤਾਰੇ, ਇਹ ਚਾਰੇ ਬਾਣੀਆਂ, ਇਹ ਚਾਰੇ ਖਾਣੀਆਂ, ਇਹ ਸੁੰਦਰ ਧਰਤੀ; ਸਭ ਪਰਮਾਤਮਾ ਦੀ ਖੇਡ ਹੈ। ਗੁਰੂ ਨਾਨਕ ਦੇਵ ਜੀ ਫ਼ੁਰਮਾਂਦੇ ਹਨ -

*ਕੁਦਰਤਿ ਦਿਸੈ ਕੁਦਰਤਿ ਸੁਣੀਐ,*
*ਕੁਦਰਤਿ ਭਉ ਸੁਖ ਸਾਰੁ॥*
*ਕੁਦਰਤਿ ਪਾਤਾਲੀ ਆਕਾਸੀ,*
*ਕੁਦਰਤਿ ਸਰਬ ਆਕਾਰੁ॥*
*ਕੁਦਰਤਿ ਵੇਦ ਪੁਰਾਣ ਕਤੇਬਾ,*
*ਕੁਦਰਤਿ ਸਰਬ ਵੀਚਾਰੁ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ,*
*ਕੁਦਰਤਿ ਸਰਬ ਪਿਆਰੁ॥*
*ਕੁਦਰਤਿ ਜਾਤੀ ਜਿਨਸੀ ਰੰਗੀ,*
*ਕੁਦਰਤਿ ਜੀਅ ਜਹਾਨ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ,*
*ਕੁਦਰਤਿ ਮਾਨੁ ਅਭਿਮਾਨੁ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ,*
*ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ,*
*ਪਾਕੀ ਨਾਈ ਪਾਕੁ॥*
*ਨਾਨਕ ਹੁਕਮੈ ਅੰਦਰਿ ਵੇਖੈ,*
*ਵਰਤੈ ਤਾਕੋ ਤਾਕੁ॥੨॥* *ਅੰਗ - ੪੬੪*

## *(ਪੰਨਾ 11 ਦੀ ਬਾਕੀ)*

ਇਉਂ ਗੁਰਬਾਣੀ ਅੰਦਰ, ਭਗਤ ਪ੍ਰਹਿਲਾਦ ਅਤੇ ਭਗਤ ਨਾਮਦੇਵ ਉਤੇ ਭਰਮ-ਡਰਾਵੇ ਦੇ ਚੱਕਰ ਚਲਾਏ ਗਏ ਦਾ, ਜੋ ਜ਼ਿਕਰ ਆਉਂਦਾ ਹੈ, ਅਤੇ ਦਰਸਾਇਆ ਗਿਆ ਹੈ ਕਿ ਇਹ ਦੋਵੇਂ ਭਗਤ ਜਨ ਅਤਿ ਕਰੜੇ ਡਰਾਵਿਆਂ ਵਿਚ ਭੀ ਅਡੋਲ ਰਹੇ। ਭਗਤ ਪ੍ਰਹਿਲਾਦ ਦੇ ਪਿਤਾ ਹਰਨਾਕਸ਼ ਦਾ ਪ੍ਰਭੂ ਨੇ ਨਰਸਿੰਘ ਰੂਪ ਧਾਰ ਕੇ ਨਾਸ ਕੀਤਾ, ਅਤੇ ਨਾਮਦੇਵ ਜੀ ਲਈ ਜਿਥੇ ਮੋਈ ਗਊ ਜੀਉਂਦੀ ਕੀਤੀ ਉਥੇ ਹਾਥੀ ਅਗੇ ਬੰਨ੍ਹ ਕੇ ਸੁੱਟੇ ਗਏ ਭਗਤ ਨਾਮਦੇਵ ਦੀ ਰੱਖਿਆ ਕੀਤੀ ਗਈ। ਇਥੋਂ ਸਿਖ ਨੂੰ ਦ੍ਰਿੜ ਹੁੰਦਾ ਹੈ ਕਿ ਜਗਤ ਤਮਾਸ਼ਾ ਹੈ। ਇਸ ਤਮਾਸ਼ੇ ਵਿਚ ਸੁਖ ਅਤੇ ਦੁਖ, ਖੁਸ਼ੀ ਅਤੇ ਗ਼ਮੀ, ਡਰ ਭੈ ਅਤੇ ਹਕੂਮਤ ਦਾ ਨਸ਼ਾ ਸਭ ਕੁਝ ਇਕ ਤਕੜੇ ਭੁਲੇਖੇ ਵਜੋਂ ਪਸਰ ਰਿਹਾ ਹੈ। ਭਾਈ ਗੁਰਦਾਸ ਜੀ ਭੀ ਗਵਾਹੀ ਭਰਦੇ ਹਨ -

*ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥*
*(ਵਾਰ ੩੫, ਪਉੜੀ ੨੩)*

ਭਾਵ ਇਸ ਸੰਸਾਰ ਅੰਦਰ ਸਾਂਗ (ਤਮਾਸ਼ਾ) ਵਰਤ ਰਿਹਾ ਹੈ। ਪਰ ਉਹੀ ਪਾਰ ਲੰਘਦਾ ਹੈ ਜਿਸ ਤੇ ਗੁਰੂ ਪਾਤਸ਼ਾਹ ਦੀ ਕਿਰਪਾ ਹੋਵੇ।

## *(ਪੰਨਾ 32 ਦੀ ਬਾਕੀ)*

ਕਹਿਣ ਦਾ ਜਿਗਰਾ ਰਖਦਾ ਹੈ ਅਤੇ ਹਮੇਸ਼ਾ ਗੁਰੂ ਜੀ ਦੇ ਭਾਣੇ ਵਿਚ ਚੜ੍ਹਦੀਆਂ ਕਲਾ ਵਿਚ ਰਹਿੰਦਾ ਹੈ।

ਇਹ ਗੁਰੂ ਜੀ ਦੀ ਅਤੇ ਖਾਲਸੇ ਪੰਥ ਦੀਆਂ ਕੁਝ ਕੁ ਵਡਿਆਈਆਂ ਹਨ, ਪਰ ਅਜੋਕੇ ਸਮੇਂ ਵਿਚ ਅਸੀਂ ਪਦਾਰਥਵਾਦ ਵਾਦ ਦੀ ਅਤੇ ਝੂਠੀ ਸਿਆਸਤ ਦੀ ਮਾਰ ਹੇਠ ਚਲੇ ਗਏ ਹਾਂ ਇਸ ਵਿਚ ਕੋਈ ਲੁਕੀ ਛਿੱਪੀ ਹੋਈ ਗਲ ਨਹੀਂ ਹੈ, ਅਸੀਂ ਭਲੀ-ਭਾਂਤ ਦੇਖ ਰਹੇ ਹਾਂ ਜੋ ਭਾਣਾ ਪੰਥ ਵਿਚ 'ਆਪੋ ਧਾਪੀ ਵਿਸਰਿਆਂ ਨਾਮ' ਵਾਲਾ ਵਰਤ ਰਿਹਾ ਹੈ। ਅਸੀਂ ਇਕ ਦੂਜੇ ਦੀ ਗਲ ਗੁਰਮਤਿ ਅਨੁਸਾਰ ਨਹੀਂ ਮੰਨ ਰਹੇ। ਬਹੁਤ ਨਫਰਤ ਹੈ, ਪਿਆਰ ਨਹੀਂ। ਹਰ ਗਲ ਤੇ ਝਗੜਾ ਕਰਦੇ ਹਾਂ। ਗੁਰੂ ਕ੍ਰਿਪਾ ਕਰੇ, ਸਾਨੂੰ ਇਕ ਨਿਸ਼ਾਨ ਸਾਹਿਬ ਥਲੇ ਬੈਠਣ ਦਾ ਬਲ ਬਖਸ਼ਣ, ਦਾਸ ਸੱਭਨਾ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹੈ।

ਭੁੱਲ-ਚੁੱਕ ਮਾਫ।

# ਭਾਈ ਗੁਰਦਾਸ ਜੀ

*[ਭਾਈ ਰਮੇਸ਼ ਬੱਗਾ ਚੋਹਲਾ ਜੀ]*

ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਿੱਖ ਧਰਮ ਵਿੱਚ ਜਦੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਗੁਰੂ ਘਰ ਦੇ ਪਿਆਰਿਆਂ ਅਤੇ ਸਚਿਆਰਿਆਂ ਦੀ ਕਮਾਈ ਦਾ ਵੀ ਧਿਆਨ ਧਰਨ ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਨਾ ਸਿਰਫ ਸਿੱਖੀ ਸਿਧਾਂਤਾਂ ਮੁਤਾਬਕ ਢਾਲਿਆ ਹੀ ਸਗੋਂ ਉਨ੍ਹਾਂ ਸਿਧਾਂਤਾਂ ਦੀ ਰੌਸ਼ਨੀ ਨੂੰ ਦੂਰ-ਦੁਰਾਡੇ ਤੱਕ ਪਹੁੰਚਾਉਣ ਲਈ ਵੀ ਆਪਣਾ ਅਹਿਮ ਯੋਗਦਾਨ ਪਾਇਆ। ਇਨ੍ਹਾਂ ਗੁਰੂ ਘਰ ਦੇ ਪਿਆਰਿਆਂ-ਨਿਆਰਿਆਂ ਦੇ ਯੋਗਦਾਨ ਬਦਲੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਇਨ੍ਹਾਂ ਨੂੰ ਵੀ ਉਨ੍ਹਾਂ ਹੀ ਮਾਣ-ਸਤਿਕਾਰ ਦਿੰਦੀਆਂ ਹਨ, ਜਿਨ੍ਹਾਂ ਸਿੱਖ ਧਰਮ ਦੇ ਰਹਿਬਰਾਂ ਨੂੰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੇ ਹੀ ਮਾਣ ਸਤਿਕਾਰ ਦੇ ਪਾਤਰ ਬਣਦੇ ਹਨ, ਸਿੱਖ ਧਰਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ।

ਸਿੱਖ ਹਲਕਿਆਂ ਵਿੱਚ ਵੇਦ-ਵਿਆਸ ਅਤੇ ਪਾਦਰੀ ਸੇਂਟ ਪਾਲ ਦੇ ਨਾਲ ਤੁਲਨਾਏ ਜਾਂਦੇ ਭਾਈ ਗੁਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਖੇ ਭਾਈ ਈਸ਼ਰ ਦਾਸ (ਗੁਰੂ ਅਮਰਦਾਸ ਜੀ ਦਾ ਚਚੇਰਾ ਭਾਈ) ਦੇ ਪਰਿਵਾਰ ਵਿੱਚ 1559 ਈ. ਨੂੰ ਹੋਇਆ। ਕੁੱਝ ਲੇਖਕਾਂ ਦੀ ਵੱਖਰੀ ਰਾਇ ਮੁਤਾਬਕ ਭਾਈ ਸਾਹਿਬ ਦਾ ਜਨਮ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ 1553 ਈ. ਨੂੰ ਹੋਇਆ ਵੀ ਸਵੀਕਾਰਿਆ ਜਾਂਦਾ ਹੈ। ਆਪਣੇ ਬਚਪਨ ਦਾ ਵਧੇਰੇ ਸਮਾਂ ਭਾਈ ਗੁਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੀ ਬਿਤਾਇਆ ਅਤੇ ਪ੍ਰਾਇਮਰੀ ਸਿੱਖਿਆ ਵੀ ਇੱਥੋਂ ਹੀ ਹਾਸਲ ਕੀਤੀ। ਇਸ ਤੋਂ ਅਗਲੇਰੀ ਅਤੇ ਉਚੇਰੀ ਸਿੱਖਿਆ ਉਨ੍ਹਾਂ ਨੇ ਉਸ ਵਕਤ ਦੇ ਪ੍ਰਸਿੱਧ ਇਸਲਾਮੀ ਅਤੇ ਭਾਰਤੀ ਵਿਦਿਆ ਕੇਂਦਰਾਂ 'ਤੇ ਜਾ ਕੇ ਗ੍ਰਹਿਣ ਕੀਤੀ। ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਗੁਰਮਤਿ ਦੇ ਵਿਸ਼ਿਆਂ 'ਤੇ ਆਪਣੀ ਪਕੜ ਮਜ਼ਬੂਤ ਬਣਾ ਲਈ।

ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਦੀ ਧਾਰਨਾ ਮੁਤਾਬਕ ਭਾਈ ਗੁਰਦਾਸ ਜੀ ਵੀ ਗ੍ਰਹਿਸਥ ਮਾਰਗ ਨੂੰ ਤਰਜੀਹ ਦਿੰਦੇ ਹਨ। ਇਸ ਦੀ ਪੁਸ਼ਟੀ ਹੇਠ ਲਿਖੇ ਤੋਂ ਭਲੀਭਾਂਤ ਹੋ ਜਾਂਦੀ ਹੈ -

*ਗਿਆਨਨ ਮੈਂ ਗਿਆਨੁ ਅਰੁ ਧਿਆਨਨ ਮੈਂ ਧਿਆਨ*
*ਗੁਰ ਸਕਲ ਧਰਮ ਮੈਂ ਗ੍ਰਿਹਸਤੁ ਪ੍ਰਧਾਨ ਹੈ।*

ਬਾਬੇਕਿਆਂ ਦੀ ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਭਾਈ ਗੁਰਦਾਸ ਜੀ ਲਾਹੌਰ, ਆਗਰਾ, ਕਾਂਸ਼ੀ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਗਏ। ਇਹ ਸਿਲਸਿਲਾ ਸ੍ਰੀ ਗੁਰੂ ਹਰਗੋਬਿੰਦ ਜੀ ਤੱਕ ਚੱਲਦਾ ਰਿਹਾ। ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਬਰੁਹਾਨਪੁਰ,ਲਖਨਊ ਅਤੇ ਜੌਨਪੁਰ ਆਦਿ ਥਾਵਾਂ 'ਤੇ ਸਿੱਖ ਸੰਗਤਾਂ ਵੀ ਸਥਾਪਤ ਕੀਤੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਈ ਅੰਦਰੂਨੀ ਅਤੇ ਬਾਹਰੀ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਨੂੰ ਪਛਾੜਨ ਲਈ ਵੀ ਭਾਈ ਗੁਰਦਾਸ ਜੀ ਦਾ ਅਹਿਮ ਰੋਲ ਰਿਹਾ ਹੈ। ਇਸ ਰੋਲ ਸਦਕਾ ਹੀ ਗੁਰੂ ਘਰ ਦੀ ਆਰਥਿਕ ਵਿਵਸਥਾ ਮੁੜ ਲੀਹ ਉੱਪਰ ਆ ਗਈ ਅਤੇ ਉਸਾਰੀ ਦੇ ਕੰਮਾਂ ਦੀ ਰਫਤਾਰ ਤੇਜ਼ ਹੋ ਗਈ।ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਆਰੰਭਿਆ ਤਾਂ ਉਸ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਵੱਲੋਂ ਨਿਭਾਈ ਗਈ। ਇਸ ਤੋਂ ਇਲਾਵਾ ਗੁਰੂ ਆਸ਼ੇ ਦੀ ਵਿਆਖਿਆ ਕਰਨ ਹਿੱਤ ਭਾਈ ਸਾਹਿਬ ਨਾਲ-ਨਾਲ ਆਪਣੀ

ਬਾਣੀ ਦੀ ਸਿਰਜਣਾ ਵੀ ਕਰਦੇ ਰਹੇ[ ਇਸ ਬਾਣੀ ਨੂੰ ਜਦੋਂ ਪੰਚਮ ਪਾਤਸ਼ਾਹ ਨੇ (ਗੁਰੂ) ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਤਾਂ ਨਿਮਰਤਾ ਦਾ ਸਬੂਤ ਦਿੰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸੇਵਕ, ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ।ਇਹ ਨਿਮਰਤਾ  ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਰੱਜਵਾਂ ਸਤਿਕਾਰ ਦਿੱਤਾ। ਇਸ ਗੱਲ ਦੀ ਤਸਦੀਕ ਕਰਦੀਆਂ ਹਨ ਇਹ ਪਾਵਨ ਪੰਕਤੀਆਂ –

*ਭਾਈ ਜੀ ਸੁਨੀਏ ਨਿਰਾਧਾਰ।।*
*ਤੁਮਰੀ ਬਾਣੀ ਅਪਰ ਅਪਾਰ।।*
*ਮਨਹੁ ਗ੍ਰੰਥ ਦਾ ਟੀਕਾ ਭਯੋ।।*
*ਯਾਹਿ ਪੜ੍ਹੇ ਸਗਲ ਦੁਖ ਗਯੋ।।*

ਭਾਈ ਗੁਰਦਾਸ ਜੀ ਨੇ ਛੇਵੇਂ ਨਾਨਕ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਆਰੰਭਲੇ ਸਮੇਂ ਉਸਾਰੀ ਦੇ ਕੰਮਕਾਜ ਦੀ ਨਿਗਰਾਨੀ ਵੀ ਕੀਤੀ। ਜਦੋਂ 1609 ਈ. ਨੂੰ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ ਰੱਖੀ ਤਾਂ ਉਸ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਸਾਹਿਬ ਨੇ ਬਾਖੂਬੀ ਨਿਭਾਈ। ਜਦੋਂ ਗੁਰੂ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਕਿਤੇ ਦੂਰ ਨੇੜੇ ਜਾਂਦੇ ਤਾਂ ਸ੍ਰੀ ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਦਾ ਸਵਾਗਤ ਅਤੇ ਸੇਵਾ ਦਾ ਕੰਮ ਵੀ ਭਾਈ ਗੁਰਦਾਸ ਜੀ (ਬਾਬਾ ਬੁੱਢਾ ਜੀ ਨਾਲ ਮਿਲ ਕੇ) ਵੱਲੋਂ ਬੜੇ ਉਤਸ਼ਾਹ ਨਾਲ ਕੀਤਾ ਜਾਂਦਾ ਸੀ।

ਗੁਰੂ ਘਰ ਦੇ ਈਰਖਾਲੂਆਂ ਵੱਲੋਂ ਜਦੋਂ ਕਦੇ ਬਾਬੇ ਨਾਨਕ ਦੇ ਨਿਰਮਲ ਪੰਥ ਬਾਬਤ ਸੰਗਤਾਂ ਵਿੱਚ ਕੋਈ ਭਰਮ ਭੁਲੇਖਾ ਪਾਇਆ ਜਾਂਦਾ ਤਾਂ ਉਸ ਨੂੰ ਨਵਿਰਤ ਕਰਨ ਦੀ ਡਿਊਟੀ ਵੀ ਭਾਈ ਗੁਰਦਾਸ ਜੀ ਵੱਲੋਂ ਹੀ ਨਿਭਾਈ ਜਾਂਦੀ। ਗੁਰੂ ਘਰ ਦੇ ਲੋਹ-ਲੰਗਰ ਅਤੇ ਹੋਰ ਅਵੱਸ਼ਕ ਲੋੜਾਂ ਦੀ ਪੂਰਤੀ ਲਈ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਣ ਦੀ ਪਿਰਤ ਪਾਉਣ ਦਾ ਸਿਹਰਾ ਵੀ ਭਾਈ ਗੁਰਦਾਸ ਜੀ ਨੂੰ ਹੀ ਜਾਂਦਾ ਹੈ। ਸਿੱਖ ਸਮਾਜ ਅਤੇ ਗੁਰੂ ਘਰ ਦੇ ਹੋਰ ਪ੍ਰੀਤਵਾਨਾਂ ਵਿੱਚ ਇਹ ਪਿਰਤ ਅਜੇ ਤੱਕ ਵੀ ਕਾਇਮ ਹੈ।

1605 ਈ. (ਸੰਮਤ 1662) ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਇਹ ਕਹਿ ਕੇ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਅਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖਿਲਾਫ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ (ਗੁਰੂ) ਗ੍ਰੰਥ ਸਾਹਿਬ ਨੂੰ ਨਾਲ ਲੈ ਕੇ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਦੀ ਅਰੰਭਤਾ ਵਿੱਚ ਜੋ ਸ਼ਬਦ ਆਇਆ ਉਹ ਸੀ –

*ਖਾਕ ਨੂਰ ਕਰਦੰ ਆਲਮ ਦੁਨੀਆਇ।।*

ਇਸ ਸ਼ਬਦ ਦੇ ਨਾਲ ਹੀ ਅਕਬਰ ਬਾਦਸ਼ਾਹ ਦੀ ਕਾਫੀ ਹੱਦ ਤੱਕ ਤਸੱਲੀ ਹੋ ਗਈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਕੁੱਝ ਹੋਰ ਸ਼ਬਦ ਵੀ ਪੜ੍ਹੇ ਜਿਨ੍ਹਾਂ ਨੂੰ ਸੁਣ ਕੇ ਅਕਬਰ ਨੇ 51 ਮੋਹਰਾਂ (ਗੁਰੂ) ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ। ਇੱਥੇ ਹੀ ਬੱਸ ਨਹੀਂ ਉਸ ਨੇ ਭਾਈ ਗੁਰਦਾਸ ਜੀ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਵੀ ਕੀਤਾ। ਗੁਰੂ ਘਰ ਦੇ ਅਨਿਨ ਸੇਵਕ ਅਤੇ ਸਰਵਸ੍ਰੇਸ਼ਟ ਬੁੱਧੀ ਦੇ ਮਾਲਕ ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਿਕ ਵਾਰਾਂ (ਪੰਜਾਬੀ) 675 ਬਰਿਜ ਅਤੇ ਕੁੱਝ ਸ਼ਲੋਕ (ਸੰਸਕ੍ਰਿਤ ਵਿੱਚ) ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ ਸਾਖੀਆਂ ਨੂੰ ਭਾਈ ਸਾਹਿਬ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕਵਿਤਾਇਆ ਹੈ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਗੁਰਮਤਿ ਦੀ ਲਾਭਦਾਇਕਤਾ ਦਾ ਪਤਾ ਲਗਾਉਣ ਲਈ ਉਨ੍ਹਾਂ ਦੀ ਇਸ ਰਚਨਾ ਦਾ ਨਿੱਠ ਕੇ ਅਧਿਐਨ ਕਰਨਾ ਪੈਂਦਾ ਹੈ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਸਿੱਖੀ  ਪ੍ਰਾਪਤ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ 25 ਅਗਸਤ ਭਾਦੋਂ ਸੁਦੀ ਪੰਜਵੀਂ 1637 ਈ. ਨੂੰ ਸਰੀਰਕ ਚੋਲਾ ਤਿਆਗ ਗਏ। ਭਾਈ ਸਾਹਿਬ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

(ਮੋਬ. 09463132719)

## ਸਹਾਇਤਾ ਆਤਮ ਰੰਗ ਜੁਲਾਈ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ. ਤੇ ਉਨ੍ਹਾਂ ਦਾ ਪਰਿਵਾਰ, ਜੀਰਕਪੁਰ | 5,000.00 |
| ◆ ਭਾਈ ਦਲਜੀਤ ਸਿੰਘ ਜੀ ਚੰਡੀਗੜ੍ਹ ਤੇ ਸ਼ਿਮਲਾ | 25,000.00 |
| ◆ ਮੈਸਰਜ਼ ਜੋਗਿੰਦਰ ਸਿੰਘ ਨਾਗੀ, ਪਟਿਆਲਾ | 1,000.00 |
| ◆ ਬੀਬੀ ਬਲਬੀਰ ਕੌਰ, ਫਰੀਦਾਬਾਦ | 21,000.00 |
| ◆ ਗੁਪਤ ਸੇਵਾ, ਚੰਡੀਗੜ੍ਹ | 10,000.00 |
| **ਕੁਲ ਜੋੜ** | **72,000.00** |

### Statement of Income & Expenditure for the Month of July 2023 of *Atam Rang*

| | |
|---|---|
| 1. M/s Jai Offset Printers | 35,000.00 |
| 2. Cost of Service Stamps | 12,800.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| 5. Previous balance | 1,35,358.00 |
| **Total Expenditure upto 31.07.2023** | **1,99,158.00** |
| Donation | 72,000.00 |
| Membership | – |
| **Total Income** | **72,000.00** |
| **Expenditure** | **1,99,158.00** |
| **Income** | **72,000.00** |
| **Difference** | **(-) 1,27,158.00** |

### ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 17 ਅਗਸਤ |
| ਪੂਰਨਮਾਸ਼ੀ | 1-31 ਅਗਸਤ |
| ਮੱਸਿਆ | 16 ਅਗਸਤ |
| ਪੰਚਮੀ | 21 ਅਗਸਤ |
| **ਗੁਰਪੁਰਬ** | |
| – | – |

### ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

## ਭਾਅ ਨਰੈਣ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਮਿਤੀ 27.08.2023 ਨੂੰ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਲੁਧਿਆਣਾ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ

ਭਾਅ ਨਰੈਣ ਸਿੰਘ ਜੀ ਦੀ ਪਿਆਰੀ ਤੇ ਮਿੱਠੀ ਯਾਦ ਵਿੱਚ ਦਿਵਸ ਸੁਹੇਲਾ ਅਖੰਡ ਕੀਰਤਨ ਮਿਤੀ 27.08.2023 ਨੂੰ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ ਵਿਖੇ ਹੋਣਗੇ ਜਿਨ੍ਹਾਂ ਦਾ ਭੋਗ ਦੁਪਹਿਰ 1.30 ਵਜੇ ਪੈਣਗੇ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰਿਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ।

**- ਦਾਸਰੇ -**

**ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ**

**ਭਾਈ ਦਲਜੀਤ ਸਿੰਘ ਜੀ ਭੱਟੀ - 98151-56014**



॥ ਸ੍ਰੀ ਅਕਾਲ ਜੀ ਸਹਾਇ ॥

# ਕੇਦੰਰੀ ਸਾਲਾਨਾ ਅਖੰਡ ਕੀਰਤਨ ਸਮਾਗਾਮ

## ਅੰਬਾਲਾ ਛਾਉਣੀ

### ਮਿਤੀ12,13,14 ਅਤੇ 15 ਅਗਸਤ 2023

ਹਰ ਸਾਲ ਦੀ ਤਰਾਂ ਇਸ ਵਾਰ ਵੀ 1947 ਅਤੇ ਹੋਰ ਸਮੂਹ ਸ਼ਹੀਦਾਂ ਦੀ ਯਾਦ ਵਿਚ ਕੇਦਾਂਰੀ ਸਲਾਨਾ ਅਖੰਡ ਕੀਰਤਨ ਸਮਾਗਾਮ ਗੁਰੂਦਵਾਰਾ ਗੋਬਿੰਦ ਨਗਰ ਅਬੰਾਲਾ ਛਾਉਣੀ ਵਿਖੇ ਮਨਾਏ ਜਾ ਰਹੇ ਨੇ। ਜਿਸ ਵਿਚ ਦੇਸ਼ਾਂ ਵਿਦੇਸਾਂ ਤੋ ਗੁਰੂ ਕੇ ਕੀਰਤਨੀਏ ਆਪ ਸਬ ਨੂੰ ਗੁਰੂ ਕੀ ਬਾਣੀ ਕੀਰਤਨ ਨਾਲ ਨਿਹਾਲ ਕਰਣਗੇ। ਆਪ ਸਬ ਪਰਿਵਾਰਾਂ ਸਹਿਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ



### ਪ੍ਰੋਗਰਾਮ

### ਮਿਤੀ 12 ਅਗਸਤ ਦਿਨ ਸ਼ਨੀਵਾਰ 2023

ਅਰੰਭ ਸ੍ਰੀ ਆਸਾ ਦੀ ਵਾਰ ਕੀਰਤਨ ਸਵੇਰੇ 6:00 ਵਜੇ
ਅਤੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 7:30 ਵਜੇ

ਸ਼ਾਮ ਕੀਰਤਨ ਦੀ ਚੌਕੀ ਅਰੰਭ 5:30 ਤੋ ਰਾਤ 10:00 ਵਜੇ ਤਕ
ਗੁ : ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ (ਪੰਜੋਖੜਾ ਸਾਹਿਬ)

### ਮਿਤੀ 13 ਅਗਸਤ ਦਿਨ ਐਤਵਾਰ 2023

ਦਿਨਸ ਸਹੇਲਾ ਕੀਰਤਨ ਸਵੇਰੇ 7:00 ਵਜੇ ਤੋ ਦੁਪਿਹਰ 2:00 ਵਜੇ
ਗੁ : ਸ੍ਰੀ ਗੁਰੂ ਸਿੰਘ ਸਭਾ ਹਰਗੋਲਾਲ ਰੋਡ (ਅੰ ਛਾਉਣੀ)

ਸ਼ਾਮ ਕੀਰਤਨ ਦੀ ਚੌਕੀ ਅਰੰਭ 5:30 ਤੋ ਰਾਤ 10:00 ਵਜੇ ਤਕ
ਪਾਰਕਿੰਗ ਗੁ: ਸ੍ਰੀ ਗੁਰੂ ਸਿੰਘ ਸਭਾ ਗੋਬਿੰਦ ਨਗਰ (ਅੰ ਛਾਉਣੀ)

### ਮਿਤੀ 14 ਅਗਸਤ ਦਿਨ ਸੋਮਵਾਰ 2023

ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 6:00 ਵਜੇ ਉਪਰੰਤ ਕੀਰਤਨ ਦੁਪਿਹਰ 3:00 ਵਜੇ ਤਕ (ਗੁ: ਗੋਬਿੰਦ ਨਗਰ ਅੰ ਛਾਉਨੀ)

**ਰੈਣਿ ਸਬਾਈ ਕੀਰਤਨ**
ਅਰੰਭ ਸ਼ਾਮ 6:00 ਤੋ
ਅਗਲੀ ਸਵੇਰ 4:30 ਤਕ

Live
AKJ.ORG LIVE

**ਅਮ੍ਰਿਤ ਸੰਚਾਰ**
14/06/2023 ਸ਼ਾਮ 6:00 ਵਜੇ
ਗੁ: ਗੋਬਿੰਦ ਨਗਰ

ਰਿਹਾਇਸ਼ ਅਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਗੋਬਿੰਦ ਨਗਰ ਅੰ ਛਾਉਣੀ ਵਿਖੇ ਹੋਵੈਗਾ ਜੀ॥

ਸ਼ਮਾਗਮ ਦੇ ਸੰਬਧ ਵਿਚ 1 ਜੁਲਾਈ 2023 ਤੋ 11 ਅਗਸਤ ਤਕ ਹਰ ਰੋਜ ਸ਼ਾਮ ਦੇ ਕੀਰਤਨ ਦੀ ਲੜੀ ਦਾ ਸਿਧਾ ਪ੍ਰਸਾਰਨ ਅਕਾਲ ਸਹਾਇ ਗੁਰਬਾਣੀ Youtube ਤੇ ਲਾਇਵ ਹੋਵੇਗਾ ਜੀ।

ਦਾਸਰੇ :- ਅਖੰਡ ਕੀਰਤਨੀ ਜਥਾ ਅੰ ਛਾਉਣੀ । ਫੋਨ ਨੰ: 94160-94103, 99960-05956
ਸਹਿਯੋਗੀ :- ਪ੍ਰਧਾਨ ਗੁ: ਗੋਬਿੰਦ ਨਗਰ ਅਬੰਾਲਾ ਛਾਉਣੀ ਓਤੇ ਸਮੂਹ ਪ੍ਰਬੰਕ ਕਮੇਟੀ(9416023303)

# ਅਖੰਡ ਕੀਰਤਨ ਸਮਾਗਮ

## ਮਿਤੀ 24.08.2023

## ਪਿੰਡ ਨੱਥਲਪੁਰ, ਜਿਲਾ ਰੋਪੜ

ਸਤਿਕਾਰਯੋਗ ਬਾਬਾ ਅਜੀਤ ਸਿੰਘ ਜੀ, ਨੱਥਲਪੁਰ ਵਾਲਿਆਂ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਰਾਤ 8.00 ਵਜੇ ਤੋਂ ਲੈ ਕੇ 12.00 ਵਜੇ ਤਕ ਅਖੰਡ ਕੀਰਤਨ ਸਮਾਗਮ ਮਿਤੀ 24.08.2023 ਦਿਨ ਵੀਰਵਾਰ ਨੂੰ ਪਿੰਡ ਨੱਥਲਪੁਰ, ਜਿਲਾ ਰੋਪੜ ਵਿਖੇ ਹੋ ਰਹੇ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰਿਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ।

**- ਦਾਸਰੇ -**

**ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ**

98143-00245, 75289-00045, 87089-58920, 99888-02622, 9646117772, 8526048000

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਅਖੰਡ ਕੀਰਤਨ ਸਮਾਗਮ

## ਗੁਰਦੁਆਰਾ ਮੰਜੀ ਸਾਹਿਬ

ਪਾਤਿਸ਼ਾਹੀ ਪਹਿਲੀਂ, ਨਜਦੀਕ ਯਾਦਵਿੰਦਰਾ ਗਾਰਡਨ, ਪਿੰਜੋਰ ਵਿਖੇ

## ਮਿਤੀ 27 ਅਗਸਤ 2023 ਦਿਨ ਐਤਵਾਰ

## ਸਮਾਂ : ਅੰਮ੍ਰਿਤ ਵੇਲੇ ਤੋਂ ਦੁਪਿਹਰ 1 ਵਜੇ ਤੱਕ

ਆਪ ਜੀ ਸਮੂਹ ਗੁਰੂ ਪਿਆਰੀਆਂ ਸੰਗਤਾਂ ਜੀ ਦੇ ਚਰਨਾਂ ਵਿੱਚ ਬਿਨੈ ਜੋਦੜੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਮੰਜੀ ਸਾਹਿਬ, ਪਿੰਜੋਰ ਵਿਖੇ ਹੋ ਰਹੇ ਅਖੰਡ ਕੀਰਤਨ ਸਮਾਗਮ ਵਿੱਚ ਪਰਿਵਾਰ ਸਹਿਤ ਹਾਜ਼ਰੀਆਂ ਭਰ ਕੇ ਗੁਰਬਾਣੀ ਦੇ ਕੀਰਤਨ ਕਰਕੇ ਅਤੇ ਸੁਣ ਕੇ ਆਪਣਾ ਜਨਮ ਸਫਲਾ ਕਰੀਏ ਜੀ।

ਗੁਰੂ ਸੰਗਤਾਂ ਦੇ ਦਾਸਰੇ

## ਅਖੰਡ ਕੀਰਤਨੀ ਜੱਥਾ (ਰਜ਼ਿ) ਚੰਡੀਗੜ੍ਹ

ਸੰਪਰਕ : 85720-11841, 98574-87898,89505-73360, 98143-00245

ਸਹਿਯੋਗੀ : ਸਮੂੰਹ ਇਲਾਕਾ ਨਿਵਾਸੀ ਅਤੇ ਸਮੂੰਹ ਸਾਧ ਸੰਗਤ ਗੁਰਦੁਆਰਾ ਮੰਜੀ ਸਾਹਿਬ, ਪਿੰਜੋਰ

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥














ਹਰ ਸਾਲ ਦੀ ਤਰ੍ਹਾਂ ਸਾਲਾਨਾ ਅਖੰਡ ਕੀਰਤਨ ਸਮਾਗਮ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਅਖੰਡੀ ਕੀਰਤਨੀ ਜੱਥਾ, ਹੁਸ਼ਿਆਰਪੁਰ ਵੱਲੋਂ ਮਿਤੀ 20.05.2023 ਤੋਂ ਲੈ ਕੇ 24.05.2023 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋੜ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
August - 2023

Postal Regd. No.
CHDG/0025/2021-23

ਗੁਰਮੁਖਿ ਜਨਮੁ ਸਵਾਰਿ, ਦਰਗਹਿ ਚਲਿਆ ॥ ਸਚੀ ਦਰਗਹ ਜਾਇ, ਸਚਾ ਪਿੜ ਮਲਿਆ ॥
ਗੁਰਮੁਖਿ ਭੋਜਨੁ ਭਾਉ, ਚਾਉ ਅਲਲਿਆ ॥ ਗੁਰਮੁਖਿ ਨਿਹਚਲੁ ਚਿਤੁ, ਨ ਹਲੈ ਹਲਿਆ ॥
ਗੁਰਮੁਖਿ ਸਚੁ ਅਲਾਉ, ਭਲੀ ਹੂੰ ਭਲਿਆ ॥ ਗੁਰਮੁਖਿ ਸਦੇ ਜਾਨਿ, ਆਵਨਿ ਘਲਿਆ ॥















ਬੀਬੀ ਕੁਲਵੰਤ ਕੌਰ ਜੀ ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਤੇ ਮਾਤਾ ਜੀ ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ, ਆਤਮ ਰੰਗ ਮੈਗਜੀਨ ਤੇ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੋ ਮਿਤੀ 20.07.2023 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਣਾਂ ਵਿੱਚ ਜਾ ਬਿਰਾਜੇ ਹਨ। ਬੀਬੀ ਜੀ ਦਾ ਅੰਤਿਮ ਸੰਸਕਾਰ 21.07.2023 ਨੂੰ ਚੰਡੀਗੜ੍ਹ ਵਿਖੇ ਕੀਤਾ ਗਿਆ, ਉਨ੍ਹਾਂ ਦੇ ਗ੍ਰਿਹ ਵਿਖੇ ਸਵੇਰੇ 9.00 ਵਜੇ ਤੋਂ ਲੈ ਕੇ ਦੁਪਹਿਰ 12.30 ਵਜੇ ਤਕ ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਨ੍ਹਾਂ ਨੂੰ ਅਸੀਸਾਂ, ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸ, ਜੋਦੜੀਆਂ ਕੀਤੀਆਂ।

Design & Print: Jai Offset Printers 0172-4616905